# ਜਗਤ ਕਲਿਆਣਕਾਰੀ ਜੈਨ ਧਰਮ
# ਦੋ ਸ਼ਬਦ (ਲੇਖਕ ਵੱਲੋਂ)

## ਹਿੰਦੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ

ਜੈਨ ਧਰਮ ਸੰਸਾਰ ਦਾ ਇਕ ਸਭ ਤੋਂ ਨਰਮ ਧਰਮ ਹੈ, ਇਸ ਦਾ ਮੁੱਖ ਉਦੇਸ਼ ਹੈ! ਆਤਮਾ ਨੂੰ ਪ੍ਰਮਾਤਮਾ ਬਣਨ ਦਾ ਰਾਹ ਦੱਸਨਾ ਅਤੇ ਜਿੰਦਗੀ ਨੂੰ ਤੱਪ, ਤਿਆਗ, ਸੇਵਾ, ਸਦਾਚਾਰ ਅਤੇ ਸਮਾਨਤਾ ਦੇ ਆਚਰਨ ਰਾਹੀਂ, ਸੁਖੀ ਅਤੇ ਸ਼ਾਂਤੀ ਵਾਲਾ ਬਣਾਉਨਾ। ਲੋਕ ਆਖਦੇ ਹਨ ਜੈਨ ਧਰਮ ਤਿਆਗ ਪ੍ਰਧਾਨ ਧਰਮ ਹੈ, ਪਰ ਮੈਂ ਆਖਦਾ ਹਾਂ ਤਿਆਗ ਦੇ ਨਾਲ ਹੀ ਭੋਗ ਵਿੱਚ ਵਿਵੇਕ ਰੱਖਨਾ ਸਮਾਜ ਵਿੱਚ ਸਹਿਯੋਗ ਅਤੇ ਸਦਭਾਵਨਾ ਵਧਾਉਣਾ ਵੀ ਜੈਨ ਧਰਮ ਸਿਖਾਉਂਦਾ ਹੈ।



ਜੈਨ ਧਰਮ ਦਾ ਤੱਤਵ ਗਿਆਨ ਬਹੁਤ ਗੁੜਾ ਹੈ, ਛੇ ਦ੍ਰਵ, ਨੌਂ ਤੱਤਵ, ਕਰਮ ਵਾਦ, ਅਨੇਕਾਂਤ ਵਾਦ - ਸਿਆਦਵਾਦ ਆਦਿ ਨੂੰ ਸਮਝਣਾ ਸੁਖਾਲਾ ਨਹੀਂ ਹੈ। ਪਰ ਇਹਨਾਂ ਦੀ ਜਾਣਕਾਰੀ ਜ਼ਰੂਰੀ ਹੈ। ਇਹਨਾਂ ਦੇ ਗਿਆਨ ਤੋਂ ਬਿਨ੍ਹਾਂ ਧਰਮ ਆਚਰਨ ਦਾ ਅਰਥ ਨਹੀਂ ਸਮਝ ਆਉਂਦਾ। ਆਚਰਨ ਵਿੱਚ ਆਹਿੰਸਾ ਅਤੇ ਵਿਚਾਰ ਵਿੱਚ ਅਨੇਕਾਂਤ, ਇਹ ਦੋਹੇਂ ਜੈਨ ਧਰਮ ਦੇ ਮੂਲ ਆਧਾਰ ਹਨ ਅਤੇ ਇਹਨਾਂ ਨੂੰ ਸਮਝ ਕੇ ਅਸੀਂ ਅਪਣਾ ਅਤੇ ਸੰਸਾਰ ਦਾ ਕਲਿਆਣ ਕਰ ਸਕਦੇ ਹਾਂ। ਇਸ ਦੇ ਨਾਲ ਹੀ ਜੈਨ ਧਰਮ ਦੇ ਇਤਿਹਾਸ ਦੇ ਵਾਰੇ ਵੀ ਲੋਕਾਂ ਨੂੰ ਬਹੁਤ ਘੱਟ ਜਾਣਕਾਰੀ ਹੈ। ਜ਼ਿਆਦਾ ਜੈਨੀ ਵੀ ਜਿੱਥੇ ਅਪਣੇ ਆਚਾਰ, ਵਿਚਾਰ ਤੋਂ ਅਨਜਾਣ ਹਨ, ਉੱਥੇ ਉਹਨਾਂ ਨੂੰ ਅਪਣੇ ਗੋਰਵਸ਼ਾਲੀ ਇਤਿਹਾਸ ਦਾ ਵੀ ਗਿਆਨ ਨਹੀਂ ਹੈ। ਅਪਣੇ ਇਤਿਹਾਸ ਦਾ ਗਿਆਨ ਹੋਣਾ ਧਰਮ ਦੀ ਪਹਿਲੀ ਮੰਜਿਲ ਹੈ। ਇਸ ਲਈ ਮੈਂ ਇਸ ਪੁਸਤਕ ਵਿੱਚ ਜੈਨ ਇਤਿਹਾਸ ਦਾ ਕੁਝ ਵਿਸਥਾਰ ਨਾਲ ਵਰਨਣ ਕੀਤਾ ਹੈ। ਖਾਸ ਤੌਰ ਤੇ ਭਗਵਾਨ ਮਹਾਵੀਰ ਤੋਂ

ਲੈ ਕੇ ਵਰਤਮਾਨ ਸਦੀ ਤੱਕ ਦੇ ਇਤਿਹਾਸ ਦੀ ਝਲਕ ਸੰਖੇਪ ਰੂਪ ਵਿੱਚ ਪੇਸ਼ ਕੀਤੀ ਹੈ।

ਭਾਵੇਂ ਜੈਨ ਕਲਾ ਅਤੇ ਸੰਸਕ੍ਰਿਤੀ ਤੇ ਵਿਸਥਾਰ ਨਾਲ ਪ੍ਰਕਾਸ਼ ਪਾਉਣਾ ਜ਼ਰੂਰੀ ਸੀ, ਪਰ ਮੈਂ ਇਸ ਵਿਸ਼ੇ ਤੇ ਸੁਤੰਤਰ ਰੂਪ ਵਿੱਚ ਇਕ ਵੱਖਰਾ ਗ੍ਰੰਥ ਲਿਖਣਾ ਚਾਹੁੰਦਾ ਹੈ ਇਸੇ ਲਈ ਮੈਂ ਇਸ ਵਿਸ਼ੇ ਤੇ ਕੋਈ ਚਰਚਾ ਨਹੀਂ ਕੀਤੀ। ਛੋਟੀ ਜਿਹੀ ਪੁਸਤਕ ਵਿੱਚ ਸਾਰ ਰੂਪ ਵਿੱਚ ਜੈਨ ਤੱਤਵ ਗਿਆਨ, ਕਰਮਵਾਦ, ਛੇ ਦ੍ਰਵ, ਅਨੇਕਾਂਤਵਾਦ ਦੀ ਪਹਿਲ ਦੇ ਆਧਾਰ ਤੇ ਜਾਣਕਾਰੀ ਦਿੱਤੀ ਹੈ। ਜਿਗਿਆਸੂ ਇਸ ਵਿਸ਼ੇ ਸੰਬੰਧੀ ਹੋਰ ਪੁਸਤਕਾਂ ਪੜ੍ਹਕੇ ਗਹਿਰਾਈ ਨਾਲ ਜਾਣ ਸਕਦੇ ਹਨ।

ਮੈਨੂੰ ਵਿਸ਼ਵਾਸ ਹੈ ਕਿ ਪਾਠਕ ਸੰਖੇਪ ਵਿੱਚ ਜੈਨ ਧਰਮ ਦੀ ਜਾਣਕਾਰੀ ਪ੍ਰਾਪਤ ਕਰਕੇ ਆਪਣੇ ਗਿਆਨ ਵਿੱਚ ਵਾਧਾ ਕਰਨ ਦੀ ਕੋਸ਼ਿਸ ਕਰਨਗੇ।

ਅਚਾਰਿਆ ਵਿਜੈ ਨਿਤਯਾਨੰਦ ਸੂਰੀ

## ਲੇਖਕ ਸ਼ਾਂਤੀ ਦੂਤ ਗੱਛਾਦੀਪਤੀ ਜੈਨ ਅਚਾਰਿਆ ਸ਼੍ਰੀ ਵਿਜੈ ਨਿਤਯਾਨੰਦ ਸੂਰੀ ਜੀ ਦਾ ਪੰਜਾਬੀ ਅਨੁਵਾਦਕਾਂ ਨੂੰ ਆਸ਼ਿਰਵਾਦ

ਮੈਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਈ ਕਿ ਪੰਜਾਬੀ ਭਾਸ਼ਾ ਵਿੱਚ ਪਹਿਲੇ ਜੈਨ ਲੇਖਕ ਭਰਾਵਾਂ ਸ਼੍ਰੀ ਪੁਰਸ਼ੋਤਮ ਜੈਨ ਅਤੇ ਸ਼੍ਰੀ ਰਵਿੰਦਰ ਜੈਨ ਮਾਲੇਰਕੋਟਲਾ ਵੱਲੋਂ ਮੇਰੇ ਰਾਹੀਂ ਲਿਖੀ ਹਿੰਦੀ ਪੁਸ਼ਤਕ ਜਨ ਕਲਿਆਣਕਾਰੀ ਜੈਨ ਧਰਮ ਦਾ ਪੰਜਾਬੀ ਅਨੁਵਾਦ ਕੀਤਾ ਹੈ। ਮੈਂ ਦੋਹੇਂ ਲੇਖਕ ਭਰਾਵਾਂ ਨੂੰ ਬੜੇ ਲੰਬੇ ਸਮੇਂ ਤੋਂ ਜਾਣਦਾ ਹਾਂ, ਇਹਨਾਂ ਨੇ ਪ੍ਰਸ਼ਿੱਧ ਜੈਨ ਸਾਧਵੀ ਜੈਨ ਜਯੋਤੀ ਉਪਪ੍ਰਵਰਤਨੀ ਸੰਥਾਰਾ ਸਾਧਕਾ ਸ਼੍ਰੀ ਸਵਰਨਕਾਂਤਾ ਜੀ ਮਹਾਰਾਜ ਦੀ ਪ੍ਰੇਰਣਾ ਸਦਕਾ 50 ਤੋਂ ਜ਼ਿਆਦਾ ਜੈਨ ਗ੍ਰੰਥਾਂ ਦਾ ਅਨੁਵਾਦ, ਟੀਕਾ, ਸੁਤੰਤਰ ਲੇਖਨ, ਕਹਾਣੀ ਲੇਖਨ ਅਤੇ ਇਤਿਹਾਸ ਲੇਖਨ ਦਾ ਕੰਮ ਕੀਤਾ ਹੈ। ਇਹਨਾਂ ਨੂੰ ਇਹਨਾਂ ਦੇ ਕੰਮ ਕਾਰਨ ਸਮਾਜ ਦੇ ਸਨਮਾਨ ਤੋਂ ਛੁੱਟ ਭਾਰਤ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ, ਯੁਨੇਸਕੋ, ਭਾਸ਼ਾ ਵਿਭਾਗ ਪੰਜਾਬ, ਅਤੇ ਜੈਨ ਵਰਲਡ ਫਾਉਂਡੇਸ਼ਨ ਯੂ. ਐਸ. ਏ. ਵੱਲੋਂ ਵੀ ਸਨਮਾਨਤ ਕੀਤਾ ਗਿਆ ਹੈ। ਦੋਹੇਂ ਲੇਖਕ 1975 ਤੋਂ ਇਸ ਕੰਮ ਵਿੱਚ ਜੁਟੇ ਹੋਏ ਹਨ।

ਮੈਂ ਇਹਨਾਂ ਦੋਹਾਂ ਲੇਖਕ ਭਰਾਵਾਂ ਨੂੰ ਮੇਰੀ ਹਿੰਦੀ ਪੁਸ਼ਤਕ ਦਾ ਪੰਜਾਬੀ ਵਿੱਚ ਅਨੁਵਾਦ ਕਰਨ ਤੇ ਸਾਧੂਵਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਇਸੇ ਪ੍ਰਕਾਰ ਦੇਵ, ਗੁਰੂ ਅਤੇ ਧਰਮ ਦੀ ਸੇਵਾ ਸਮਰਪਿਤ ਭਾਵ ਨਾਲ ਕਰਦੇ ਰਹਿਣਗੇ।

ਅਚਾਰਿਆ ਵਿਜੈ ਨਿਤਯਾਨੰਦ ਸੂਰੀ
ਦਾ ਧਰਮ ਲਾਭ

ਜੈਨ ਉਪਾਸਰਾ ਮਾਲੇਰਕੋਟਲਾ
15/03/2010

# ਅਨੁਵਾਦਕਾਂ ਦੀ ਕਲਮ ਤੋਂ

ਜੈਨ ਧਰਮ ਅਤੇ ਸਾਹਿਤ ਵਿੱਚ ਭਿੰਨ ਭਿੰਨ ਭਾਸ਼ਾਵਾਂ ਵਿੱਚ ਲੰਬੇ ਸਮੇਂ ਤੋਂ ਸਾਹਿਤ ਦੀ ਰਚਨਾ ਹੁੰਦੀ ਆ ਰਹੀ ਹੈ। ਭਾਸ਼ਾ ਚਾਹੇ ਭਾਰਤੀ ਹੋਵੇ ਜਾਂ ਵਿਦੇਸ਼ੀ ਸਾਰੀਆਂ ਭਾਸ਼ਾਵਾਂ ਵਿੱਚ ਅੱਜ ਜੈਨ ਸਾਹਿਤ ਪ੍ਰਾਪਤ ਹੈ। ਪੰਜਾਬੀ ਭਾਸ਼ਾ ਵਿੱਚ ਜੈਨ ਸਾਹਿਤ ਦੇ ਭਿੰਨ ਭਿੰਨ ਸਵਰੂਪਾਂ ‘ਤੇ ਅਸੀਂ 1975 ਤੋਂ ਲਿਖਦੇ ਆ ਰਹੇ ਹਾਂ। ਇਹ ਸਭ ਕੁੱਝ ਜੈਨ ਧਰਮ ਦੇ ਸਾਰੇ ਫਿਰਕੀਆਂ ਦੇ ਅਚਾਰਿਆ, ਸਾਧੂ, ਸਾਧਵੀਆਂ ਦੇ ਆਸ਼ਿਰਵਾਦ ਨਾਲ ਹੀ ਸੰਭਵ ਹੋ ਸਕਿਆ ਹੈ। ਜਿਨ੍ਹਾਂ ਅਚਾਰਿਆ ਦਾ ਸਾਨੂੰ ਆਸ਼ਿਰਵਾਦ ਪ੍ਰਾਪਤ ਹੁੰਦਾ ਰਿਹਾ ਹੈ, ਉਨ੍ਹਾ ਵਿੱਚ ਵਰਤਮਾਨ ਤਪਾਗੱਛ ਦੇ ਦੇ ਗੱਛਾਦਿਪਤੀ, ਸ਼ਾਂਤੀ ਦੂਤ, ਪ੍ਰਸ਼ਿੱਧ ਵਿਦਵਾਨ, ਤੀਰਥਾਂ ਦੇ ਨਿਰਮਾਤਾ, ਅਚਾਰਿਆ ਵਿਜੈ ਨਿਤਯਾਨੰਦ ਜੀ ਸੂਰੀ ਮਹਾਰਾਜ ਦਾ ਨਾਂ ਵਰਨਣਯੋਗ ਹੈ।

ਲੰਬੇ ਸਮੇਂ ਤੋਂ ਸਾਨੂੰ ਇਕ ਅਜਿਹੀ ਪੁਸਤਕ ਦੀ ਤਲਾਸ਼ ਸੀ ਜੋ ਆਮ ਪਾਠਕ ਨੂੰ ਜੈਨ ਧਰਮ, ਸੰਸਕ੍ਰਿਤੀ, ਇਤਿਹਾਸ ਅਤੇ ਪ੍ਰੰਪਰਾ ਦੀ ਸੰਖੇਪ ਰੂਪ ਵਿੱਚ ਜਾਣਕਾਰੀ ਕਰਵਾ ਦੇਵੇ। ਸਾਡੀ ਨਜ਼ਰ ਅਚਾਰਿਆ ਸ਼੍ਰੀ ਜੀ ਦੀ ਹਿੰਦੀ ਪੁਸਤਕ ‘ਜਨ ਕਲਿਆਣਕਾਰੀ ਜੈਨ ਧਰਮ’ ‘ਤੇ ਪਈ, ਆਪ ਦੇ ਮਾਲੇਰਕੋਟਲਾ ਆਗਮਨ ਤੇ ਅਸੀਂ ਅਚਾਰਿਆ ਤੋਂ ਇਸ ਪੁਸਤਕ ਦੇ ਪੰਜਾਬੀ ਅਨੁਵਾਦ ਕਰਨ ਦੀ ਆਗਿਆ ਮੰਗੀ, ਅਚਾਰਿਆ ਸ਼੍ਰੀ ਨੇ ਬੜੇ ਪਿਆਰ ਭਰੇ ਆਸ਼ਿਰਵਾਦ ਅਤੇ ਸ਼ੁਭ ਕਾਮਨਾਵਾਂ ਨਾਲ ਸਾਨੂੰ ਆਗਿਆ ਪ੍ਰਦਾਨ ਕੀਤੀ।

ਅਚਾਰਿਆ ਸ਼੍ਰੀ ਦੇ ਆਸ਼ਿਰਵਾਦ ਨਾਲ ਇਸ ਪੁਸਤਕ ਦਾ ਅਨੁਵਾਦ ਸ਼ੁਰੂ ਕੀਤਾ ਸਾਨੂੰ ਖੁਸ਼ੀ ਹੈ ਕਿ ਇਹ ਅਨੁਵਾਦ ਪ੍ਰਸ਼ਿਧ ਕ੍ਰਾਂਤੀਕਾਰੀ ਜੈਨ ਅਚਾਰਿਆ ਸ਼੍ਰੀ ਵਿਜੈ ਨੰਦ ਜੀ ਸੂਰੀ ਦੇ 175ਵੇਂ ਜਨਮ ਦਿਨ ‘ਤੇ ਸੰਪੂਰਨ

ਹੋਇਆ ਹੈ। ਅਸੀਂ ਇਸ ਅਨੁਵਾਦ ਵਿੱਚ ਪ੍ਰਸ਼ਿਧ ਵਿਦਵਾਨ ਸ਼੍ਰੀ ਮੋਕਸ਼ਾ ਨੰਦ ਜੀ ਮਹਾਰਾਜ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਸਾਨੂੰ ਇਸ ਕੰਮ ਲਈ ਸਹਿਯੋਗ ਦਿੱਤਾ।

ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਅਸੀਂ ਆਪਣੇ ਛੋਟੇ ਭਰਾ ***ਸ਼੍ਰੀ ਮੁਹੰਮਦ ਸ਼ੱਬੀਰ (ਜ਼ੁਨੈਰ੍ਹਾ ਕੰਪਿਊਟਰਜ਼) ਮਾਲੇਰਕੋਟਲਾ*** ਦੇ ਸਹਿਯੋਗ ਅਤੇ ਮਿਹਨਤ ਲਈ ਧੰਨਵਾਦੀ ਹਾਂ।

ਅਸੀਂ ਸ਼੍ਰੀ ਵਿਨੋਦ ਦਰਿਆਪੁਰਕਰ ਚੇਅਰਮੈਨ ਜੈਨ ਵਰਲਡ ਫਾਊਂਡੇਸ਼ਨ ਯੂ. ਐਸ. ਏ. ਅਤੇ ਸ਼੍ਰੀ ਸੁਨੀਲ ਦੇਸ਼ਮਨੀ ਦੇ ਵਿਸ਼ੇਸ਼ ਰੂਪ ਵਿੱਚ ਧੰਨਵਾਦੀ ਹਾਂ ਜਿਨ੍ਹਾਂ ਇਸ ਪੁਸਤਕ ਨੂੰ ਅਪਣੀ ਵੈਬ ਜੈਨ ਵਰਲਡ ਤੇ ਸਥਾਨ ਦੇ ਕੇ ਇਸ ਪੁਸਤਕ ਨੂੰ ਸੰਸਾਰ ਦੇ ਕੋਨੇ - ਕੋਨੇ ਵਿੱਚ ਪਹੁੰਚਾਇਆ ਹੈ।

ਸਾਨੂੰ ਆਸ ਹੈ ਕਿ ਸਧਾਰਨ ਪਾਠਕ ਇਸ ਪੁਸਤਕ ਤੋਂ ਲਾਭ ਉਠਾਉਣਗੇ।

31/03/2010

ਸ਼ੁਭ ਚਿੰਤਕ:

ਪੁਰਸ਼ੋਤਮ ਜੈਨ, ਰਵਿੰਦਰ ਜੈਨ

ਮਾਲੇਰਕੋਟਲਾ

# ਵਿਸ਼ੇ ਸੂਚੀ


| ਲੜੀ ਨੰ: | ਵਿਸ਼ਾ | ਪੰਨਾ |
|---|---|---|
| 1. | ਜੈਨ ਧਰਮ ਦਾ ਸਰੂਪ | 1 |
| 2. | ਜੈਨ ਪ੍ਰੰਪਰਾ ਦਾ ਇਤਿਹਾਸ | 6 |
| 3. | ਭਗਵਾਨ ਮਹਾਵੀਰ ਤੋਂ ਬਾਅਦ ਦੀ ਜੈਨ ਪ੍ਰੰਪਰਾ | 17 |
| 4. | ਵਿਚਾਰ ਅਤੇ ਆਚਾਰ ਧਰਮ | 38 |
| 5. | ਜੈਨ ਤੱਤਵ ਚਿੰਤਨ | 45 |
| 6. | ਜੈਨ ਸੰਸਕ੍ਰਿਤੀ | 53 |
| 7. | ਜੈਨ ਧਰਮ ਦੇ ਫਿਰਕੇ | 59 |

# ਜਗਤ ਕਲਿਆਣਕਾਰੀ ਜੈਨ ਧਰਮ

## ਜੈਨ ਧਰਮ ਦਾ ਸਵਰੂਪ:

ਧਰਮ ਦੀ ਪਰਿਭਾਸ਼ਾ: ਸਦ ਗੁਣਾਂ ਨੂੰ ਧਾਰਨ ਕਰਨ ਵਾਲੀ ਪਵਿੱਤਰ ਸ਼ਕਤੀ ਦਾ ਨਾਮ ਧਰਮ ਹੈ। ਧਰਮ ਦੇ ਦੋ ਅਰਥ ਪ੍ਰਸਿੱਧ ਹਨ: 1. ਵਸਤੂ ਦੇ ਸੁਭਾਅ ਦਾ ਨਾਮ ਧਰਮ ਹੈ, ਜਿਵੇਂ ਪਾਣੀ ਦਾ ਸੁਭਾਅ ਹੈ ਠੰਡਕ, ਅੱਗ ਦਾ ਸੁਭਾਅ ਹੈ ਗਰਮੀ। ਆਤਮਾ ਦਾ ਸੁਭਾਅ ਹੈ ਗਿਆਨ ਅਤੇ ਆਨੰਦ ਆਦਿ।

ਦੂਸਰਾ ਆਤਮਾ ਦਾ ਪਵਿੱਤਰ ਆਚਰਨ ਧਰਮ ਹੈ ਜਿਵੇਂ ਤੱਪ, ਸੇਵਾ, ਸੱਚ, ਸੰਜਮ, ਰਹਿਮਦਿਲੀ, ਸੰਤੋਖ, ਸਰਲਤਾ ਆਦਿ ਸ਼ੁੱਧ ਭਾਵਾਂ ਦਾ ਆਚਰਨ ਕਰਨਾਂ ਧਰਮ ਹੈ। ਦੂਸਰੇ ਸ਼ਬਦਾਂ ਵਿੱਚ ਵਿਕਾਰਾਂ ਤੋਂ ਮੁਕਤ ਹੋਣ ਦੀ ਸਾਧਨਾ ਨੂੰ ਧਰਮ ਕਿਹਾ ਜਾਂਦਾ ਹੈ। ਉਂਝ ਤਾਂ ਵਿਦਵਾਨਾਂ ਨੇ ਧਰਮ ਦੀਆਂ ਸੈਂਕੜੇ ਪਰਿਭਾਸ਼ਾਵਾਂ ਕੀਤੀਆਂ ਹਨ, ਪਰ ਉਨ੍ਹਾਂ ਸਭ ਦਾ ਸਾਰ ਇਹੋ ਹੈ ਕਿ ਜੋ ਆਤਮਾ ਨੂੰ ਸ੍ਰੇਸ਼ਠਤਾ ਅਤੇ ਸ਼ੁੱਧਤਾ ਵੱਲ ਲੈ ਜਾਵੇ ਉਹ ਦਿਵ ਗੁਣ ਉਹ ਪਵਿੱਤਰ ਆਚਰਨ ਹੀ ਸ਼ਰਲ ਵਿਵਹਾਰ ਧਰਮ ਹੈ।

ਧਰਮ ਦੇ ਮੂਲ ਸਰੂਪ ਵਿੱਚ ਕੋਈ ਫਰਕ ਨਹੀਂ ਹੈ, ਕੋਈ ਭੇਦ ਨਹੀਂ ਹੈ। ਜਿਵੇ ਗਾਂ ਦਾ ਦੁੱਧ ਸਫੈਦ ਹੀ ਹੁੰਦਾ ਹੈ ਅਤੇ ਉਹ ਸਰੀਰ ਦੇ ਲਈ ਤਾਕਤ ਦੇਣ ਵਾਲਾ, ਅਰੋਗ ਰੱਖਣ ਵਾਲਾ ਹੁੰਦਾ ਹੈ। ਫਿਰ ਭਾਵੇਂ ਗਾਂ ਚਾਹੇ ਪੀਲੀ ਹੋਵੇ, ਭੂਰੀ ਹੋਵੇ, ਕਾਲੀ ਹੋਵੇ ਜਾਂ ਸਫੈਦ ਹੋਵੇ। ਇਸ ਪ੍ਰਕਾਰ ਧਰਮ ਦਾ ਮੂਲ ਸਵਰੂਪ ਇਕ ਹੀ ਹੈ ਆਤਮਾ ਦਾ ਸ਼ੁੱਧੀਕਰਨ।

ਆਤਮਾ ਮੂਲ ਸੁਭਾਅ ਵਿੱਚ ਤਾਂ ਸ਼ੁੱਧ ਹੀ ਹੈ, ਪਰ ਮੋਹ, ਵਾਸਨਾ, ਮਮਤਾ, ਕਰੋਧ ਆਦਿ ਕਸ਼ਾਇਆ / ਵਿਕਾਰਾਂ ਦੇ ਰਾਹੀਂ ਕੀਤੇ ਕਰਮ ਰੂਪੀ ਮੈਲ ਆ ਜਾਂਦੇ ਹਨ। ਇਸ ਮੈਲ ਨੂੰ ਦੂਰ ਕਰਨ ਦੀ ਜੋ ਸਾਧਨਾ ਹੈ ਉਸ ਨੂੰ ਅਸੀਂ ਧਰਮ ਆਖਦੇ ਹਾਂ। ਆਤਮਾ ਸ਼ੁੱਧੀ ਦੇ ਸਾਧਨ ਨੂੰ ਧਰਮ ਕਿਹਾ ਜਾਂਦਾ ਹੈ। ਕੁੱਝ ਵਿਦਵਾਨਾਂ ਨੇ ਜਿਸ ਦੇ ਪੈਦਾ ਹੋਣ ਨਾਲ, ਆਤਮਾ ਦਾ ਕਲਿਆਣ ਹੁੰਦਾ ਹੈ ਉਸ ਨੂੰ ਧਰਮ ਕਿਹਾ ਹੈ।

ਧਰਮ ਦੇ ਨਾਲ ਜੈਨ, ਬੁੱਧ, ਵੈਦਿਕ, ਇਸਲਾਮ, ਇਸਾਈ ਆਦਿ ਜੋ ਵਿਸ਼ੇਸਣ ਲੱਗਦੇ ਹਨ, ਉਹ ਕੇਵਲ ਇਸ ਲਈ ਹਨ ਕਿ ਉਸ ਧਰਮ ਮਾਰਗ ਦੇ ਪ੍ਰਵਰਤਕ ਜਾਂ ਉਪਦੇਸ਼ਕ ਮਹਾਪੁਰਸ਼ ਦੇ ਨਾਉ ਨਾਲ ਜਾਂ ਗ੍ਰੰਥ ਨਾਲ ਉਹ ਧਰਮ ਪ੍ਰਸ਼ਿੱਧ ਹੋਵੇਗਾ। ਜਿਵੇਂ ਬੁੱਧ ਧਰਮ ਦਾ ਅਰਥ ਹੈ ਬੁੱਧ ਭਗਵਾਨ ਦੇ ਦੱਸੇ ਹੋਏ ਰਾਹ ਜਾਂ ਉਨ੍ਹਾਂ ਦਾ ਉਪਦੇਸ਼। ਇਸੇ ਪ੍ਰਕਾਰ ਵੈਦਿਕ ਧਰਮ ਦਾ ਅਰਥ ਹੈ ਵੈਦਿਕ ਰਿਸ਼ਿਆਂ ਰਾਹੀਂ ਜਾਂ ਵੇਦਾਂ ਰਾਹੀਂ ਜੋ ਸੱਚ, ਸ਼ੀਲ ਦਾ ਉਪਦੇਸ਼ ਦਿੱਤਾ ਗਿਆ ਹੈ ਉਸ ਦੇ ਅਨੁਸਾਰ ਆਚਰਨ ਕਰਨਾ ਵੈਦਿਕ ਧਰਮ ਹੈ। ਇਸ ਪ੍ਰਾਕਰ ਜੈਨ ਧਰਮ ਆਖਣ ਤੋਂ ਭਾਵ ਹੈ, ਜਿਨ ਭਗਵਾਨ ਰਾਹੀਂ ਦੱਸਿਆ ਹੋਇਆ ਆਤਮ ਕਲਿਆਣ ਦਾ ਜੋ ਮਾਰਗ ਹੈ ਆਤਮ ਸ਼ੁੱਧੀ ਦੀ ਜੋ ਸਾਧਨਾ ਹੈ ਉਹ ਜੈਨ ਧਰਮ ਹੈ।

## ਜੈਨ ਸ਼ਬਦ ਦਾ ਅਰਥ:

ਜੈਨ ਸ਼ਬਦ ਦਾ ਮੂਲ 'ਜਿਨ' ਹੈ। ਜਿਨ ਦਾ ਅਰਥ ਹੈ ਵਿਕਾਰਾਂ ਨੂੰ ਜਿੱਤਨ ਵਾਲਾ। ਜਿਨ੍ਹਾਂ ਅਪਣੀਆਂ ਇੰਦਰੀਆਂ ਨੂੰ, ਹੰਕਾਰ ਅਤੇ ਮੋਹ ਨੂੰ ਵਾਸਨਾ ਅਤੇ ਵਿਕਾਰਾਂ ਨੂੰ ਜਿੱਤ ਲਿਆ ਹੈ, ਰਾਗ ਦਵੇਸ਼ ਦੀ ਵਿਰਤੀ ਤੇ ਜਿੱਤ ਹਾਸਲ ਕਰ ਲਈ ਹੈ, ਭਾਵ ਜਿਨ੍ਹਾਂ ਨੇ ਅਪਣੇ ਆਪ 'ਤੇ ਜਿੱਤ ਹਾਸਲ ਕਰ ਲਈ ਹੈ। ਆਤਮਾ ਦੇ ਅਗਿਆਨ, ਮੋਹ ਆਦਿ ਵਿਕਾਰਾਂ ਨੂੰ ਨਸ਼ਟ ਕਰਕੇ, ਸੰਪੂਰਨ ਵਿਕਾਰ ਰਹਿਤ ਅਵਸਥਾ, ਵੀਤਰਾਗਤਾ ਅਤੇ ਸਰਵੱਗਤਾ ਪ੍ਰਾਪਤ ਕਰ ਲਈ ਹੈ, ਉਹਨਾਂ ਮਹਾਨ ਆਤਮਾਵਾਂ ਨੂੰ **ਜਿਨ** ਕਿਹਾ ਜਾਂਦਾ ਹੈ। **ਜਿਨ** ਨੂੰ ਅਰਿਹੰਤ ਵੀ ਆਖਦੇ ਹਨ। **ਜਿਨ** ਕੋਈ ਵਿਅਕਤੀ ਵਿਸ਼ੇਸ ਨਹੀਂ **ਜਿਨ** ਆਤਮਾ ਦੀ ਪੂਰਨ ਵਿਕਾਸ ਪ੍ਰਾਪਤ ਅਤੇ ਪਰਮ ਚੇਤਨ ਸੱਤਾ ਹੈ। ਇਹ ਜਿਸ ਆਤਮਾ 'ਤੇ ਪ੍ਰਗਟ ਹੋ ਜਾਵੇ, ਉਹ **ਜਿਨ** ਅਖਵਾਉਂਦੇ ਹਨ। ਉਨ੍ਹਾ **ਜਿਨ**, ਵੀਤਰਾਗ, ਸਰਵੱਗ ਆਤਮਾ ਦੁਆਰਾ ਫਰਮਾਇਆ, ਆਤਮ ਸਿੱਧੀ ਪ੍ਰਾਪਤ ਕਰਨ ਦਾ ਜੋ ਮਾਰਗ ਹੈ ਉਸ ਨੂੰ ਅਸੀਂ ਜੈਨ ਧਰਮ ਆਖਦੇ ਹਾਂ।

ਇਸ ਨੂੰ ਅਸੀਂ ਦੋਹਾਂ ਪ੍ਰਕਾਰਾਂ ਨਾਲ ਆਖ ਸਕਦੇ ਹਾਂ। ਜਿਨ ਰਾਹੀਂ ਆਖਿਆ / ਪ੍ਰਗਟ ਕੀਤਾ ਧਰਮ ਜੈਨ ਧਰਮ ਅਤੇ ਜੈਨ ਧਰਮ ਦੇ ਪ੍ਰਗਟ ਕਰਨ

ਵਾਲੇ ਜਿਨ ਹਨ। ਦੂਸਰੇ ਸ਼ਬਦਾਂ ਵਿੱਚ ਜਿਨ ਭਗਵਾਨ ਦੀ ਉਪਾਸਨਾ ਕਰਨ ਵਾਲਾ ਜੈਨ ਹੈ, ਕੁੱਝ ਵਿਦਵਾਨ ਜਿਨ ਸ਼ਬਦ ਦਾ ਅਰਥ ਗਿਆਨੀ, ਭਾਵ ਇੰਦਰੀਆਂ ਰਹਿਤ ਗਿਆਨ ਆਤਮਾ ਵੀ ਕਰਦੇ ਹਨ ਜੋ ਭੂਤ, ਵਰਤਮਾਨ ਅਤੇ ਭਵਿੱਖ ਦਾ ਪ੍ਰਤੀਕ ਹੈ। ਜਿਨ ਸ਼ਬਦ ਜੈ (ਜਿੱਤ), ਵਿਜੈ ਦਾ ਪ੍ਰਤੀਕ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਜਿਸ ਆਤਮਾ ਵਿੱਚ ਅਸੰਭਵ ਹੋਸਲਾ ਪ੍ਰਾਕ੍ਰਮ, ਪੁਰਸ਼ਾਰਥ, ਦ੍ਰਿੜ ਸੰਕਲਪ ਸ਼ਕਤੀ ਅਤੇ ਸਾਰੇ ਸੰਸਾਰ ਦੇ ਪ੍ਰਤੀ ਦੋਸਤੀ ਅਤੇ ਰਹਿਮ ਦਿਲੀ ਦਾ ਭਾਵ ਹੁੰਦਾ ਹੈ, ਉਹ ਆਤਮਾ ਜਿਨ ਬਣ ਸਕਦਾ ਹੈ।

ਇਸ ਪ੍ਰਕਾਰ ਜੈਨ ਧਰਮ ਕਿਸੇ ਵਿਸ਼ੇਸ ਵਿਅਕਤੀ ਰਾਹੀਂ ਸਥਾਪਤ ਧਰਮ ਨਾ ਹੋ ਕੇ, ਆਤਮ ਜੇਤੁ ਮਹਾਪੁਰਸ਼ਾਂ ਦੀ ਸਾਧਨਾ ਦਾ ਮਹਾ ਮਾਰਗ ਹੈ। ਜਿਨ ਮਾਰਗ ਤੇ ਜੋ ਵੀ ਚੱਲਦਾ ਹੈ ਉਹ ਜੈਨ ਹੈ।

ਜੈਨ ਅਚਾਰਿਆ ਨੇ ਕਿਹਾ ਹੈ, ਕੋਈ ਵੀ ਜਨ (ਪੁਰਸ਼ ਜਾਂ ਇਸਤਰੀ) ਜੈਨ ਬਣ ਸਕਦਾ ਹੈ ਜਿਸ ਦੇ ਵਿੱਚ ਸਦਾਚਾਰ ਅਤੇ ਚੰਗੇ ਵਿਚਾਰ ਦੀਆਂ ਦੋ ਮਾਤਰਾ ਲੱਗ ਜਾਂਦੀਆਂ ਹਨ ਉਹ ਜਨ ਤੋਂ ਜੈਨ ਅਖਵਾਉਂਦਾ ਹੈ।

ਜੈਨ ਧਰਮ ਆਚਾਰ, ਵਿਚਾਰ, ਵਿਵਹਾਰ ਦੀ ਸ਼ੁੱਧਤਾ ਵਿੱਚ ਵਿਸ਼ਵਾਸ ਰੱਖਦਾ ਹੈ। ਜਾਤ, ਰੰਗ, ਲਿੰਗ ਅਤੇ ਦੇਸ਼ ਦਾ ਭੇਦ ਭਾਵ ਨਹੀਂ ਕਰਦਾ।

## ਜੈਨ ਧਰਮ ਦੀ ਪੁਰਾਤਨਤਾ:

ਭਾਵੇਂ ਧਰਮ ਦੇ ਵਿਸ਼ੇ ਵਿੱਚ ਪੁਰਾਣੇ ਅਤੇ ਨਵੇਂ ਦਾ ਪ੍ਰਸ਼ਨ ਮਹੱਤਵਪੂਰਨ ਨਹੀਂ ਹੈ, ਕਿਉਂਕਿ ਧਰਮ ਦਾ ਮਹੱਤਵ ਤਾਂ ਉਸ ਦੇ ਤੇਜ਼ ਅਤੇ ਨਿਸ਼ਾਨਾ ਪ੍ਰਾਪਤ ਕਰਨ ਦੀ ਸਮਰਥਾ ਵਿੱਚ ਹੈ, ਜਿਸ ਸਾਧਨਾ ਮਾਰਗ ਰਾਹੀਂ, ਅਸੀਂ ਅਪਣੀਆਂ ਆਤਮ ਸ਼ਕਤੀਆਂ ਦਾ ਪੂਰਨ ਵਿਕਾਸ਼ ਕਰ ਸਕੀਏ ਅਤੇ ਪਰਮਾਨੰਦ, ਮੋਕਸ਼ ਜਾਂ ਸੱਚੇ ਸੁੱਖ ਰੁਪੀ ਨਿਸ਼ਾਨੇ ਨੂੰ ਪ੍ਰਾਪਤ ਕਰ ਸਕੀਏ ਉਹ ਹੀ ਧਰਮ ਸ੍ਰੇਸ਼ਠ ਹੈ।

ਦੂਸਰੀ ਗੱਲ ਧਰਮ ਦੀ ਪੁਰਾਤਨਤਾ ਕਿ ਅਤੇ ਨਵਾਪਨ ਕਿ? ਧਰਮ ਤਾਂ ਅਨਾਦਿ ਹੈ ਜਿਵੇਂ ਸਾਡੀ ਆਤਮਾ ਅਨਾਦਿ ਹੈ, ਸੰਸਾਰ ਅਨਾਦਿ ਹੈ ਇਸੇ ਪ੍ਰਕਾਰ ਧਰਮ ਵੀ ਅਨਾਦਿ ਹੈ। ਜਦ ਸੰਸਾਰ ਵਿੱਚ ਭੁੱਖ ਪਿਆਸ ਸੀ ਤਾਂ ਉਸ ਨੂੰ ਸ਼ਾਂਤ ਕਰਨ ਵਾਲਾ ਅੰਨ ਅਤੇ ਪਾਣੀ ਵੀ ਸੀ। ਜਦ ਮਨੁੱਖ ਦੇ ਜੀਵਨ ਵਿੱਚ

ਦੁੱਖ ਸੀ, ਅਸ਼ਾਂਤੀ ਸੀ, ਤਾਂ ਦੁੱਖ ਅਤੇ ਅਸ਼ਾਂਤੀ ਤੋਂ ਮੁਕਤ ਹੋਣ ਦਾ ਕੋਈ ਮਾਰਗ ਵੀ ਸੀ। ਧਰਮ ਦੇ ਆਚਰਨ ਨਾਲ ਮਨੁੱਖ ਸੁੱਖਾਂ ਤੋਂ ਮੁਕਤ ਹੁੰਦਾ ਹੈ ਇਸ ਪ੍ਰਕਾਰ ਜਦ ਕੀਤੇ ਸੰਸਾਰ ਵਿੱਚ ਆਤਮਾ ਸੀ ਤਾਂ ਉਸ ਆਤਮਾ ਨੂੰ ਅਪਣੇ ਨਿਸ਼ਾਨੇ ਦੀ ਪ੍ਰਾਪਤੀ ਵੱਲ ਵਧਾਉਣ ਵਾਲਾ ਧਰਮ ਵੀ ਜ਼ਰੂਰ ਮਾਜੂਦ ਸੀ। ਇਸ ਲਈ ਧਰਮ ਦੀ ਪ੍ਰਾਚੀਨਤਾ ਦੀ ਚਰਚਾ ਦਾ ਕੋਈ ਮਹੱਤਵ ਨਹੀਂ ਹੈ। ਸਾਰੇ ਧਰਮਾਂ ਨੂੰ ਮਨਣ ਵਾਲੇ ਅਪਣੇ ਧਰਮ ਨੂੰ ਪ੍ਰਾਚੀਨ ਸਿੱਧ ਕਰਨ ਦਾ ਤਰਕ ਦਿੰਦੇ ਹਨ, ਇਹ ਕੇਵਲ ਬੋਧਿਕ, (ਬੁੱਧੀਜੀਵੀ) ਬੁੱਧੀ ਹੈ।

ਜੈਨ ਅਚਾਰਿਆ ਨੇ ਸਪਸ਼ਟ ਕਿਹਾ ਹੈ - ਜੈਨ ਧਰਮ ਤੱਤਵ ਦੀ ਦ੍ਰਿਸ਼ਟੀ ਤੋਂ ਅਨਾਦਿ ਕਾਲ ਦਾ ਧਰਮ ਹੈ, ਪਰ ਨਾਂ ਦੇ ਪੱਖੋਂ ਇਸ ਦਾ ਆਦਿ (ਸ਼ੁਰੂ ਵੀ ਹੈ) ਵੇਦਾਂ ਤੋਂ ਪਹਿਲਾਂ ਬਹੁਤ ਪੁਰਾਤਨ ਕਾਲ ਵਿੱਚ ਭਗਵਾਨ ਰਿਸ਼ਭ ਦੇਵ ਨੇ ਇਸ ਧਰਮ ਨੂੰ ਸ਼੍ਰਮਣ ਧਰਮ ਦੇ ਨਾਉਂ ਨਾਲ ਪ੍ਰਚਾਰ ਕੀਤਾ। ਭਗਵਾਨ ਰਿਸ਼ਭ ਦੇਵ ਇਸ ਕਾਲ ਚੱਕਰ ਦੇ ਅਵਸ੍ਰਪਨੀ ਕਾਲ ਵਿੱਚ, ਮਾਨਵ ਸੱਭਿਅਤਾ ਦੇ ਸੰਸਥਾਪਕ ਆਦੀ ਪੁਰਸ਼ (ਪਹਿਲੇ) ਸਨ। ਉਨ੍ਹਾਂ ਨੇ ਮਨੁੱਖ ਜਾਤੀ ਨੂੰ ਕਲਾ, ਸੰਸਕ੍ਰਿਤੀ, ਵਿਉਪਾਰ, ਵਿਦਿਆ, ਰਾਜਨੀਤੀ ਅਤੇ ਧਰਮਨੀਤੀ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਤਿਆਗ, ਸੰਜਮ, ਤੱਪਸਿਆ ਆਦਿ ਦਾ ਮਾਰਗ ਬਣਾਇਆ ਇਸੇ ਲਈ ਉਹ ਜੈਨ ਧਰਮ ਦੇ ਪਹਿਲੇ ਪ੍ਰਵਰਤਕ ਜਾਣੇ ਜਾਂਦੇ ਹਨ। ਭਗਵਾਨ ਰਿਸ਼ਭ ਦੇਵ ਦੇ ਸਮੇਂ ਦਾ **ਸ਼੍ਰਮਣ ਧਰਮ** ਫਿਰ ਭਗਵਾਨ ਅਰਿਸ਼ਟ ਨੇਮੀ ਦੇ ਸਮੇਂ **ਅਰਹਤ ਧਰਮ** ਦੇ ਨਾਂ ਨਾਲ ਪ੍ਰਸ਼ਿੱਧ ਹੋਇਆ ਭਗਵਾਨ ਪਾਰਸ਼ਵਨਾਥ ਅਤੇ ਭਗਵਾਨ ਮਹਾਵੀਰ ਦੇ ਯੁੱਗ ਵਿੱਚ **ਨਿਰਗ੍ਰੰਥ** ਜਾਂ **ਜਿਨ ਧਰਮ** ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਭਗਵਾਨ ਮਹਾਵੀਰ ਤੋਂ ਬਾਅਦ ਇਹ ਜਿਨ ਧਰਮ ਹੀ **ਜੈਨ ਧਰਮ** ਦੇ ਨਾਂ ਨਾਲ ਪ੍ਰਸ਼ਿੱਧ ਹੋ ਗਿਆ। ਸਮੇਂ ਸਮੇਂ ਵਿੱਚ ਨਾਂ ਬਦਲ ਜਾਣ ਤੇ ਵੀ ਧਰਮ ਦਾ ਸਰੂਪ ਇੱਕ ਹੀ ਸੀ ਤਿਆਗ, ਸੰਜਮ ਅਤੇ ਤੱਪ ਦੀ ਸਾਧਨਾ।

ਇਤਿਹਾਸ ਦੇ ਲੇਖਕਾਂ ਦੀ ਭੁੱਲ ਕਾਰਨ ਲੋਕਾਂ ਵਿੱਚ ਇਕ ਭਰਮ ਸੀ ਕਿ ਜੈਨ ਧਰਮ ਹਿੰਦੂ ਧਰਮ ਦੀ ਸ਼ਾਖਾ ਹੈ ਕੁਝ ਲੋਕ ਇਸ ਨੂੰ ਬੁੱਧ ਧਰਮ ਦੀ ਸ਼ਾਖਾ ਮੰਨਦੇ ਸਨ, ਪਰ ਹੁਣ ਲਗਭਗ 100 ਸਾਲਾਂ ਤੋਂ ਜੋ ਇਤਿਹਾਸਕ ਖੋਜ ਹੋਈ ਹੈ

ਉਸ ਤੋਂ ਇਹ ਸਿੱਧ ਹੋ ਗਿਆ ਹੈ ਕਿ ਜੈਨ ਧਰਮ ਇਕ ਸੁਤੰਤਰ ਧਰਮ ਹੈ ਜਿਸ ਦੇ ਪਹਿਲੇ ਸੰਸਥਾਪਕ ਭਗਵਾਨ ਰਿਸ਼ਭ ਦੇਵ ਸਨ। ਵਧੇਰੇ ਵਿਸਥਾਰ ਵਿੱਚ ਨਾ ਜਾਕੇ ਧਰਮ ਅਤੇ ਦਰਸ਼ਨ ਦੇ ਵਿਸ਼ਵ ਪ੍ਰਸਿੱਧ ਵਿਦਵਾਨ ਡਾ: ਸਰਵਪਲੀ ਰਾਧਾ ਕ੍ਰਿਸ਼ਨ ਦਾ ਇਕ ਵਰਨਣ ਇਥੇ ਕੀਤਾ ਜਾਂਦਾ ਹੈ।

"ਜੈਨ ਪ੍ਰੰਪਰਾ ਰਿਸ਼ਭ ਦੇਵ ਤੋਂ ਅਪਣੇ ਧਰਮ ਦੀ ਉੱਤਪਤੀ ਹੋਣ ਦੀ ਗੱਲ ਆਖਦੀ ਹੈ ਜੋ ਬਹੁਤ ਸਦੀਆਂ ਪਹਿਲਾਂ ਹੋਏ ਸਨ, ਇਸ ਗੱਲ ਦੇ ਸਬੂਤ ਪਾਏ ਜਾਂਦੇ ਹਨ ਕਿ ਈਸਾ ਦੀ ਪਹਿਲੀ ਸਦੀ ਵਿੱਚ ਪਹਿਲੇ ਤੀਰਥੰਕਰ ਰਿਸ਼ਭ ਦੇਵ ਦੀ ਪੂਜਾ ਕੀਤੀ ਜਾਂਦੀ ਸੀ। ਇਸ ਵਿੱਚ ਕੋਈ ਸ਼ਕ ਨਹੀਂ ਹੈ ਕਿ ਜੈਨ ਧਰਮ ਵਰਧਮਾਨ ਅਤੇ ਪਾਰਸ਼ਵਨਾਥ ਤੋਂ ਪਹਿਲਾਂ ਹੀ ਪ੍ਰਚਲਤ ਸੀ। ਯਜੁਰਵੈਦ ਵਿੱਚ ਰਿਸ਼ਭ ਦੇਵ, ਅਜਿਤਨਾਥ ਅਤੇ ਅਰਿਸ਼ਟਨੇਮੀ ਇਹਨਾਂ ਤਿੰਨ ਤੀਰਥੰਕਰਾਂ ਦੇ ਨਾਉਂ ਮਿਲਦੇ ਹਨ।[1]

---

ਟਿਪਨੀ:

1. ਇੰਡੀਅਨ ਫਿਲੋਸਫੀ ਜਿਲਦ 1 ਪੰਨਾ 217

# ਜੈਨ ਪ੍ਰੰਪਰਾ ਦਾ ਇਤਿਹਾਸ

ਜੈਨ ਪ੍ਰੰਪਰਾ ਅਨੁਸਾਰ ਸੰਸਾਰ ਵਿੱਚ ਕਾਲ ਚੱਕਰ ਲਗਾਤਾਰ ਘੁੰਮਦਾ ਰਹਿੰਦਾ ਹੈ। ਇਸ ਕਾਲ ਚੱਕਰ ਦੇ ਦੋ ਭਾਗ ਹਨ: ਇਕ ਓਤਸ੍ਰਪਨੀਕਾਲ ਦੂਸਰਾ ਅਵਸ੍ਰਪਨੀਕਾਲ।

ਓਤਸ੍ਰਪਨੀਕਾਲ ਵਿੱਚ ਜਮੀਨ, ਪਾਣੀ, ਬਨਸਪਤੀ ਆਦਿ ਵਿੱਚ ਰਸ ਅਤੇ ਮਨੁੱਖਾਂ ਦੇ ਸੁਭਾਅ ਵਿੱਚ ਸ਼ਰਲਤਾ, ਮਿੱਠਾਸ, ਨਿਰੋਗ ਸਰੀਰ, ਉਮਰ ਅਤੇ ਸੁੱਖ ਸ਼ਾਂਤੀ ਆਦਿ ਸਿਲਸਿਲੇਵਾਰ ਵੱਧਦੀ ਜਾਂਦੀ ਹੈ। ਜਦਕਿ ਅਵਸ੍ਰਪਨੀਕਾਲ ਵਿੱਚ ਇਹ ਸਭ ਗੱਲਾਂ ਹੋਲੀ ਹੋਲੀ ਘੱਟ ਹੁੰਦੇ ਹੁੰਦੇ ਆਖਰ ਵਿੱਚ ਜਮੀਨ, ਇਕ ਦਮ ਖੁਸ਼ਕ, ਰੁੱਖੀ, ਮਨੁੱਖ ਦੀ ਘੱਟ ਉਮਰ, ਸੁਭਾਅ ਵਿੱਚ ਕਠੋਰਤਾ, ਛੱਲ ਕੱਪਟ, ਰਾਹੀਂ ਦੁਰਾਚਾਰੀ ਹੁੰਦਾ ਜਾਂਦਾ ਹੈ। ਉਤਸ੍ਰਪਨੀਕਾਲ ਉੱਨਤੀ ਦਾ ਕਾਲ ਹੈ, ਜਦਕਿ ਅਵਸ੍ਰਪਨੀਕਾਲ ਵਿਨਾਸ਼ ਦਾ ਕਾਲ ਹੈ। ਹੁਣ ਅਸੀਂ ਕਾਲ ਚੱਕਰ ਦੇ ਅਵਸ੍ਰਪਨੀਕਾਲ ਦੇ ਪੰਜਵੇਂ ਆਰੇ (ਯੁੱਗ) ਵਿੱਚ ਜੀ ਰਹੇ ਹਾਂ। ਅਵਸ੍ਰਪਨੀਕਾਲ ਦੇ ਤੀਜੇ ਆਰੇ ਦੇ ਅੰਤ ਵਿੱਚ ਪਹਿਲੇ ਤੀਰਥੰਕਰ ਭਗਵਾਨ ਰਿਸ਼ਭ ਦੇਵ ਦਾ ਜਨਮ ਹੋਇਆ। ਉਨ੍ਹਾਂ ਦੇ ਪਿਤਾ ਨਾਭੀਰਾਏ ਮਨੁੱਖ ਜਾਤੀ ਦੀ ਕੁੱਲ ਪ੍ਰੰਪਰਾ ਵਿੱਚ ਸੱਤਵੇਂ ਕੁਲਕਰ (14ਵੇਂ ਮੰਨੂ) ਹੋਏ, ਉਹਨਾਂ ਦੀ ਧਰਮ ਪਤਨੀ ਸੀ ਮਰੂਦੇਵੀ।

## ਭਗਵਾਨ ਰਿਸ਼ਭ ਦੇਵ ਜੀ:

ਭਗਵਾਨ ਰਿਸ਼ਭ ਦੇਵ ਦੇ 100 ਪੁੱਤਰ ਅਤੇ ਦੋ ਪੁੱਤਰੀਆਂ ਸਨ। ਉਨ੍ਹਾਂ ਦੇ ਵੱਡੇ ਪੁੱਤਰ ਭਰਤ ਚੱਕਰਵਰਤੀ ਹੋਏ, ਜਿਸ ਦੇ ਨਾਉਂ ਤੇ ਇਸ ਆਰੀਆ ਵਰਤ ਦਾ ਨਾਉ ਭਾਰਤ ਪ੍ਰਸਿੱਧ ਹੋਇਆ। ਸਭ ਤੋਂ ਛੋਟੇ ਪੁੱਤਰ ਸਨ ਬਾਹੁਬਲੀ, ਜੋ ਅਨੋਖੇ ਬਹਾਦਰ ਪ੍ਰਾਕਰਮੀ ਅਤੇ ਮਹਾਨ ਤੱਪਸਵੀ ਧਿਆਨ ਯੋਗੀ ਸਨ। ਰਿਸ਼ਭਦੇਵ ਨੇ ਪਹਿਲੀ ਪੁੱਤਰੀ ਬ੍ਰਾਹਮੀ ਨੂੰ ਲਿਪੀ ਦਾ ਗਿਆਨ ਸਿਖਾਇਆ

ਅਤੇ ਦੂਸਰੀ ਪੁੱਤਰੀ ਸੁੰਦਰੀ ਨੂੰ ਅੰਕ ਵਿਦਿਆ ਸਿਖਾਈ। ਬ੍ਰਹਮੀ ਦੇ ਰਾਹੀਂ ਸਿਖਾਈਜਾਣ 'ਤੇ ਅੱਜ ਸਾਡੀ ਅੱਖਰ ਲਿਪੀ ਬ੍ਰਹਮੀ ਲਿਪੀ ਅਖਵਾਉਂਦੀ ਹੈ।

ਭਗਵਾਨ ਰਿਸ਼ਭ ਦੇਵ ਦਾ ਵਰਨਣ ਪੂਰਾਣੇ ਤੋਂ ਪੁਰਾਣੇ ਜੈਨ ਸਾਹਿਤ ਵਿੱਚ ਮਿਲਦਾ ਹੈ, ਇਸ ਤੋਂ ਛੁੱਟ ਸ਼੍ਰੀਮਦ ਭਾਗਵਤ ਵਿੱਚ ਵੀ ਭਗਵਾਨ ਰਿਸ਼ਭ ਦੇਵ ਦਾ ਵਰਨਣ ਇੱਕ ਮਹਾਨ ਯੋਗੀ ਦੇ ਰੂਪ ਵਿੱਚ ਆਇਆ ਹੈ। ਹਿੰਦੂ ਪ੍ਰੰਪਰਾ ਦੇ 24 ਅਵਤਾਰਾਂ ਵਿੱਚ ਵੀ ਰਿਸ਼ਭ ਦੇਵ 8ਵੇਂ ਅਵਤਾਰ ਮੰਨੇ ਜਾਂਦੇ ਹਨ।

ਪੁਰਾਤਨ ਸ਼ਿਲਾ ਲੇਖਾ ਅਤੇ ਖੁਦਾਈ ਤੋਂ ਪ੍ਰਾਪਤ ਮੂਰਤੀਆਂ ਤੋਂ ਇਹ ਸਿੱਧ ਹੋ ਗਿਆ ਹੈ ਕਿ ਬਹੁਤ ਪੁਰਾਤਨ ਕਾਲ ਤੋਂ ਰਿਸ਼ਭ ਦੇਵ ਦੀ ਪੂਜਾ ਹੁੰਦੀ ਸੀ। ਰਿਗ ਵੇਦ ਆਦਿ ਵਿੱਚ ਵੀ ਰਿਸ਼ਭ ਦੇਵ ਦਾ ਵਰਨਣ ਮਿਲਦਾ ਹੈ। ਇਹਨਾਂ ਸਾਰੇ ਪੁਰਾਤਨ ਹਵਾਲੀਆ ਤੋਂ ਇਹ ਸਿੱਧ ਹੁੰਦਾ ਹੈ ਕਿ ਜੈਨ ਧਰਮ ਭਾਰਤ ਦਾ ਇਕ ਪੁਰਾਤਨ ਧਰਮ ਹੈ ਅਤੇ ਇਸ ਧਰਮ ਦੇ ਅਨੁਯਾਈ ਭਗਵਾਨ ਰਿਸ਼ਭ ਦੇਵ ਨੂੰ ਅਪਣਾ ਪਹਿਲਾ ਤੀਰਥੰਕਰ[1] ਮੰਨਦੇ ਹਨ[1]।

ਭਗਵਾਨ ਰਿਸ਼ਭ ਦੇਵ ਦਾ ਨਿਰਵਾਨ ਅਸਟਾਪੱਦ ਪਰਬਤ ਤੇ ਹੋਇਆ। ਉਨ੍ਹਾਂ ਤੋਂ ਬਾਅਦ ਚੋਥੇ ਆਰੇ ਵਿੱਚ ਭਗਵਾਨ ਅਜਿਤਨਾਥ ਤੋਂ ਲੈ ਕੇ ਭਗਵਾਨ ਮਹਾਵੀਰ ਤੱਕ 23 ਤੀਰਥੰਕਰ ਹੋਏ। ਉਨ੍ਹਾਂ ਵਿੱਚੋਂ ਹਸਤਿਨਾਪੁਰ ਵਿਖੇ 16 ਤੀਰਥੰਕਰ ਸ਼ਾਂਤੀ ਨਾਥ 20ਵੇਂ ਤੀਰਥੰਕਰ ਮੂਨੀ ਸੂਵਰਤ (ਰਾਮ ਯੁੱਗ) ਵਿੱਚ ਹੋਏ। 22ਵੇਂ ਤੀਰਥੰਕਰ ਅਰਿਸ਼ਟ ਨੇਮੀ ਸ਼੍ਰੀ ਕ੍ਰਿਸ਼ਨ ਦੇ ਯੁੱਗ ਵਿੱਚ ਹੋਏ। ਭਗਵਾਨ ਅਰਿਸ਼ਟਨੇਮੀ (ਨੇਮੀ ਨਾਥ) ਯਦੁਵੰਸ਼ ਦੇ ਵਾਸੁਦੇਵ ਸ਼੍ਰੀ ਕ੍ਰਿਸ਼ਨ ਦੇ ਚਚੇਰੇ ਭਰਾ ਸਨ।

## ਭਗਵਾਨ ਨੇਮੀ ਨਾਥ:

ਅੱਜ ਦੇ ਇਤਿਹਾਸ ਲੇਖਕ ਭਗਵਾਨ ਅਰਿਸ਼ਟ ਨੇਮੀ - ਨੇਮੀ ਨਾਥ ਨੂੰ ਇਤਿਹਾਸਕ ਪੁਰਸ਼ ਮੰਨਦੇ ਹਨ। ਉਨ੍ਹਾਂ ਨੇ ਉਸ ਸਮੇਂ ਫੈਲੀ ਹੋਈ ਜੀਵ ਹਿੰਸਾ ਦਾ ਕਾਰਨ ਮਾਸ ਭੋਜਨ, ਸ਼ਰਾਬ ਪੀਣ ਦੇ ਵਿਰੁੱਧ ਇਕ ਕ੍ਰਾਂਤੀਕਾਰੀ ਵਾਤਾਵਰਨ ਦਾ ਨਿਰਮਾਨ ਕੀਤਾ। ਜਦ ਨੇਮੀ ਕੁਮਾਰ ਜੂਨਾਗੜ੍ਹ ਦੇ ਰਾਜਾ ਉਗਰਸੈਨ ਦੀ ਸਪੁੱਤਰੀ ਰਾਜਮਤੀ ਨਾਲ ਵਿਆਹ ਦੇ ਲਈ ਬਰਾਤ ਲੈ ਕੇ ਜਾ ਰਹੇ ਸਨ, ਤਾਂ

ਉਨ੍ਹਾਂ ਨੇ ਜੂਨਾਗੜ੍ਹ ਦੇ ਬਾਹਰ ਹਜ਼ਾਰਾਂ ਪਸ਼ੂਆਂ ਨੂੰ ਬਾੜੇ ਵਿੱਚ ਰੋਂਦੇ ਕੁਰਲਾਉਂਦੇ ਵੇਖਿਆ। ਪਸ਼ੂਆਂ ਦੀ ਚੀਖ ਪੁਕਾਰ ਤੋਂ ਨੇਮੀ ਨਾਥ ਦਾ ਦਿੱਲ ਪਸੀਜ ਗਿਆ। ਉਨ੍ਹਾਂ ਅਪਣੇ ਸਾਰਥੀ ਤੋਂ ਪੁੱਛੀਆ, ਇਹ ਹਜ਼ਾਰਾਂ ਪਸ਼ੂ ਇੱਥੇ ਕਿਸ ਲਈ ਬੰਦ ਕੀਤੇ ਹੋਏ ਹਨ? ਸਾਰਥੀ ਨੇ ਦੱਸਿਆ - ਤੁਹਾਡੀ ਸ਼ਾਦੀ ਸਮਾਰੋਹ ਵਿੱਚ ਹਜ਼ਾਰਾਂ ਖੱਤਰੀ ਮਹਿਮਾਨ ਆ ਰਹੇ ਹਨ ਉਨ੍ਹਾਂ ਦੇ ਭੋਜਨ ਦੇ ਲਈ ਇਹਨਾਂ ਪਸ਼ੂਆਂ ਨੂੰ ਕਤਲ ਕੀਤਾ ਜਾਵੇਗਾ। ਇਹ ਸੁਣ ਕੇ ਨੇਮੀ ਕੁਮਾਰ ਦਾ ਹਿਰਦਾ ਰਹਿਮ ਨਾਲ ਭਰ ਗਿਆ, "ਕਿ ਮੇਰੇ ਵਿਆਹ ਦੇ ਕਾਰਨ ਇਨ੍ਹਾਂ ਹਜ਼ਾਰਾਂ ਬੇ ਜਵਾਨ ਪਸ਼ੂਆਂ ਨੂੰ ਮਾਰਿਆ ਜਾਵੇਗਾ? ਨਹੀਂ! ਨਹੀਂ! ਇਨਾਂ ਮਾੜਾ ਕੰਮ ਨਹੀਂ ਹੋਣ ਦੇਵਾਂਗਾ। ਨੇਮੀ ਕੁਮਾਰ ਨੇ ਸਾਰਥੀ ਨੂੰ ਵਾਪਸ ਚੱਲਣ ਲਈ ਆਖਿਆ। ਉਸ ਸਮੇਂ ਸਮੁੰਦਰ ਵਿਜੈ (ਪਿਤਾ), ਵਾਸਦੇਵ ਸ੍ਰੀ ਕ੍ਰਿਸ਼ਨ ਨੇ ਉਨ੍ਹਾਂ ਨੂੰ ਬਹੁਤ ਰੋਕਿਆ, ਪਰ ਨੇਮੀ ਕੁਮਾਰ ਵਿਆਹ ਲਈ ਸਹਿਮਤ ਨਾ ਹੋਏ। ਉਨ੍ਹਾਂ ਦੇ ਸਾਹਮਣੇ ਇਹ ਮਹਾਨ ਨਿਸ਼ਾਨਾ ਸੀ, ਸਾਰੇ ਭਾਰਤ ਵਿੱਚੋਂ ਜੀਵ ਹਿੰਸਾ ਨੂੰ ਰੋਕਣਾ, ਮਾਸ ਭੋਜਨ ਨੂੰ ਰੋਕਣਾ, ਸ਼ਰਾਬ ਪੀਣ ਦੇ ਵਿਰੁੱਧ ਆਮ ਲੋਕਾਂ ਨੂੰ ਜਗਾਉਣਾ"। ਰਾਜ ਕੁਮਾਰ ਨੇਮੀ ਬਿਨ੍ਹਾਂ ਵਿਆਹ ਕੀਤੇ ਹੀ ਦੀਖਿਅਤ ਹੋ ਗਏ ਅਤੇ ਗਿਰਨਾਰ ਪਰਬਤ ਤੇ ਜਾ ਕੇ ਸਾਧਨਾ ਕਰਕੇ ਕੇਵਲ ਗਿਆਨ ਪ੍ਰਾਪਤ ਕੀਤਾ।

**ਭਗਵਾਨ ਪਾਰਸ਼ਵ ਨਾਥ:**

ਅੱਜ ਤੋਂ ਲਗਭਗ 3000 ਸਾਲ ਪਹਿਲਾਂ ਪੋਹ ਵਦੀ 10ਵੀਂ ਦੇ ਦਿਨ ਵਾਰਾਨਸੀ ਦੇ ਰਾਜਾ ਅਸ਼ਵ ਸੈਨ ਦੀ ਰਾਣੀ ਵਾਮਾਦੇਵੀ ਦੇ ਘਰ ਪਾਰਸ਼ਵ ਕੁਮਾਰ ਦਾ ਜਨਮ ਹੋਇਆ। ਪਾਰਸ਼ਵ ਕੁਮਾਰ ਬਚਪਨ ਤੋਂ ਹੀ ਸੱਚ ਅਤੇ ਗਿਆਨ ਦੇ ਉਪਾਸਕ ਸਨ। ਅਗਿਆਨ ਅੰਧ ਵਿਸ਼ਵਾਸ ਅਤੇ ਅਗਿਆਨ ਨਾਲ ਜੁੜੇ ਕ੍ਰਿਆਕਾਂਡਾ ਵਿੱਚ ਰਹਿੰਦੀ ਪਰਜਾ ਨੂੰ ਉਹ ਸੱਚ, ਗਿਆਨ ਅਤੇ ਆਤਮ ਸੰਜਮ ਰੂਪੀ ਤੱਪ, ਧਿਆਨ ਦਾ ਉਪਦੇਸ਼ ਦਿੰਦੇ ਸਨ।

ਇਕ ਵਾਰ ਉਹ ਗੰਗਾ ਨਦੀ ਕਿਨਾਰੇ ਘੁੰਮ ਰਹੇ ਸਨ, ਉੱਥੇ ਕਮਠ ਨਾਉਂ ਦਾ ਇਕ ਤੱਪਸਵੀ ਅਪਣੇ ਚਾਰੇ ਪਾਸੇ ਲਕੜੀਆਂ ਬਾਲਕੇ ਤੱਪ ਕਰ ਰਿਹਾ ਸੀ।

ਪਾਰਸ਼ਵ ਕੁਮਾਰ ਨੇ ਤੱਪਸਵੀ ਨੂੰ ਆਖਿਆ ਤੁਸੀਂ ਇਹਨਾਂ ਲੱਕੜਾਂ ਨੂੰ ਬਾਲ ਕੇ ਕਿਉਂ ਜੀਵ ਹਿੰਸਾ ਕਰ ਰਹੇ ਹੋ। ਤੱਪਸਵੀ ਗੁੱਸੇ ਵਿੱਚ ਬੋਲਿਆ, "ਤੁਸੀਂ ਰਾਜ ਕੁਮਾਰ ਸਾਡੇ ਧਰਮ ਦੇ ਬਾਰੇ ਵਿੱਚ ਕੀ ਜਾਣਦੇ ਹੋ? ਅਸੀਂ ਪੰਚ ਅਗਨੀ ਤੱਪ ਕਰ ਰਹੇ ਹਾਂ, ਇਸ ਵਿੱਚ ਕੋਈ ਜੀਵ ਹਿੰਸਾ ਨਹੀਂ ਹੈ"।

ਫੇਰ ਪਾਰਸ਼ਵ ਕੁਮਾਰ ਨੇ ਅਪਣੇ ਨੋਕਰਾਂ ਨੂੰ ਹੁਕਮ ਦਿੱਤਾ, "ਇਹ ਜੋ ਵੱਡੀ ਲੱਕੜ ਜਲ ਰਹੀ ਹੈ ਉਸ ਨੂੰ ਸਾਵਧਾਨੀ ਨਾਲ ਬਾਹਰ ਕੱਡੋ ਉਸ ਵਿੱਚ ਇਕ ਨਾਗ ਜਲ ਰਿਹਾ ਹੈ"। ਲਕੜੀ ਨੂੰ ਚੀਰ ਕੇ ਵੇਖਿਆ ਗਿਆ ਤਾਂ ਨਾਗ ਅੱਧ ਜਲੀ ਅਵਸਥਾ ਵਿੱਚ ਤੜਫਦਾ ਨਿਕਲੀਆ। ਪਾਰਸ਼ਵ ਕੁਮਾਰ ਨੇ ਉਸ ਨੂੰ ਨਮਕਾਰ ਮਹਾ ਮੰਤਰ ਸੁਣਾਇਆ ਅਤੇ ਸ਼ਾਂਤੀ ਨਾਲ ਪੀੜਾ ਸਹਿਨ ਦਾ ਮਹੱਤਵ ਸਮਝਾਇਆ। ਪਾਰਸ਼ਵ ਕੁਮਾਰ ਤੋਂ ਮੰਤਰ ਸੁਣ ਅਤੇ ਸ਼ਾਂਤੀ ਦੇ ਉਪਦੇਸ਼ ਕਾਰਨ ਉਸ ਦਾ ਮਨ ਸ਼ਾਂਤ ਹੋ ਗਿਆ। ਥੋੜੀ ਦੇਵ ਬਾਅਦ ਤੜਫਦੇ ਨਾਗ ਨੇ ਪ੍ਰਾਣ ਤਿਆਗ ਦਿੱਤੇ। ਇਹ ਹੀ ਨਾਗ ਮਰ ਕੇ ਧਰਨੇਦਰ ਨਾਉਂ ਦਾ ਨਾਗ ਕੁਮਾਰਾਂ ਦਾ ਸਵਾਮੀ ਬਣਿਆ।[1]

ਇਸ ਘਟਨਾ ਤੋਂ ਬਾਅਦ ਪਾਰਸ਼ਵ ਕੁਮਾਰ ਦਾ ਮਨ ਦੁੱਖੀ ਹੋ ਗਿਆ, ਉਨ੍ਹਾਂ ਵੇਖਿਆ ਕਿ ਅੱਜ ਭਾਰਤ ਵਿੱਚ ਕੀਤੇ ਧਰਮ ਦੇ ਨਾਉਂ ਤੇ, ਕੀਤੇ ਤੱਪਸੀਆ ਦੇ ਨਾਉਂ ਤੇ ਇਸ ਪ੍ਰਕਾਰ ਦਾ ਅਗਿਆਨ ਨਾਲ ਭਰੀਆ ਕ੍ਰਿਆ ਕਾਂਡ ਪਲ ਰਿਹਾ ਹੈ। ਜਿਸ ਵਿੱਚ ਦਿਆ ਦੀ ਥਾਂ ਹਿੰਸਾ, ਤੱਪ ਦੀ ਥਾਂ ਕਰੋਧ ਅਤੇ ਹੰਕਾਰ ਦਾ ਪ੍ਰਦਰਸ਼ਨ ਹੀ ਮੁੱਖ ਬਣਿਆ ਹੋਇਆ ਹੈ। ਪਾਰਸ਼ਵ ਕੁਮਾਰ ਨੇ ਸੰਸਾਰ ਨੂੰ ਸੱਚੇ ਧਰਮ ਦਾ ਗਿਆਨ ਕਰਵਾਉਣ ਦੇ ਲਈ 30 ਸਾਲ ਦੀ ਭਰੀ ਜਵਾਨੀ ਵਿੱਚ ਦਿਖਿਆ ਲਈ ਅਤੇ ਤੱਪ ਧਿਆਨ ਸਾਧਨਾ ਕਰਨ ਲੱਗਾ।

ਇੱਕ ਵਾਰ ਭਗਵਾਨ ਪਾਰਸ਼ਵ ਨਾਥ ਅਹਿਛੱਤਰ ਜੰਗਲ ਵਿੱਚ ਜਾ ਕੇ ਧਿਆਨ ਕਰ ਰਹੇ ਸਨ, ਤੱਦ ਉਸੇ ਕਮਠ ਤਾਪਸ ਦਾ ਜੀਵ ਮਰ ਕੇ ਜੋ ਅਸੂਰ ਕੁਮਾਰ ਦੇਵ ਬਣਿਆ ਸੀ। ਉਸ ਨੇ ਪਾਰਸ਼ਵ ਨਾਥ ਨੂੰ ਧਿਆਨ ਕਰਦੇ ਹੋਏ ਵੇਖਿਆ ਤਾਂ ਉਸ ਦੇ ਮਨ ਵਿੱਚ ਤੇਜ਼, ਵੈਰ ਭਾਵਨਾ ਜਾਗ ਉੱਠੀ। ਉਸ ਨੇ ਉਨ੍ਹਾਂ ਦਾ ਧਿਆਨ ਭੰਗ ਕਰਨ ਦੇ ਲਈ ਇਟਾਂ ਦੀ ਬਾਰਸ਼ ਕੀਤੀ ਫੇਰ ਮਿੱਟੀ ਭਰੀ ਹਨੇਰੀ ਚਲਾਈ। ਉਸ ਨੇ ਮੂਸਲਾਧਾਰ ਬਾਰਸ਼ ਰਾਹੀਂ ਪਾਰਸਵ ਨਾਥ ਨੂੰ

ਕਸ਼ਟ ਦਿੱਤਾ। ਉਸੇ ਸਮੇਂ ਨਾਗ ਕੁਮਰ ਧਰਨੇਦਰ ਨੇ ਅਤੇ ਦੇਵੀ ਪਦਮਾਵਤੀ ਨੇ ਹਜ਼ਾਰ ਫਨ ਵਾਲੇ ਸੱਪ ਦਾ ਰੂਪ ਧਾਰਨ ਕਰਕੇ ਇਸ ਕਸ਼ਟ ਤੋਂ ਭਗਵਾਨ ਪਾਰਸ਼ਵ ਨਾਥ ਦੀ ਰੱਖੀਆ ਕੀਤੀ। ਇਸੇ ਕਸ਼ਟ ਤੋਂ ਬਾਅਦ ਭਗਵਾਨ ਪਾਰਸ਼ਵ ਨਾਥ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ। ਕੇਵਲ ਗਿਆਨ ਪ੍ਰਾਪਤ ਕਰਕੇ ਭਗਵਾਨ ਪਾਰਸ਼ਵ ਨਾਥ ਨੇ ਦੂਰ ਦਰਾੜ ਦੇ ਇਲਾਕੀਆਂ ਵਿੱਚ ਧਰਮ ਦਾ ਪ੍ਰਚਾਰ ਕੀਤਾ। 100 ਸਾਲ ਦੀ ਉਮਰ ਪੂਰੀ ਕਰਕੇ ਸਮੇਤ ਸਿਖਰ (ਵਰਤਮਾਨ ਝਾਰਖੰਡ) ਵਿੱਚ ਭਗਵਾਨ ਨੇ ਨਿਰਵਾਨ ਪ੍ਰਾਪਤ ਕੀਤਾ। ਇਹ ਸਮੇਤ ਸਿਖਰ ਪਰਬਤ ਅੱਜ ਵੀ ਪਾਰਸਵ ਨਾਥ ਹਿਲ ਦੇ ਨਾਉਂ ਤੇ ਪ੍ਰਸ਼ਿਧ ਹੈ ਅਤੇ ਸਾਰੇ ਸੰਸਾਰ ਵਿੱਚ ਮਹਾ ਤੀਰਥ ਦੇ ਰੂਪ ਵਿੱਚ ਪ੍ਰਸ਼ਿੱਧ ਹੈ। ਭਗਵਾਨ ਪਾਰਸ਼ਵ ਨਾਥ ਦੀ ਅੱਜ ਸੰਸਾਰ ਵਿੱਚ ਸਭ ਤੋਂ ਜ਼ਿਆਦਾ ਮੂਰਤੀਆਂ ਮਿਲਦੀਆ ਹਨ ਅਤੇ ਸਾਰੀਆ ਮੂਰਤੀਆਂ ਤੇ ਉਕਤ ਘਟਣਾ ਦੀ ਯਾਦ ਵਿੱਚ ਸੱਪ ਦਾ ਫਨ ਖੁਦੀਆ ਰਹਿੰਦਾ ਹੈ।

ਅੱਜ ਵੀ ਜੈਨੀਆਂ ਤੋਂ ਛੁਟ ਹਜ਼ਾਰਾਂ ਅਜੈਨ ਵੀ ਪਾਰਸ਼ਵ ਨਾਥ ਦੀ ਪੂਜਾ ਕਰਦੇ ਹਨ।

ਭਗਵਾਨ ਪਾਰਸ਼ਵ ਨਾਥ ਦਾ ਸਮਾਂ ਈ: ਪੂ: ਨੌਂਵੀ ਸਦੀ ਹੈ।

## ਭਗਵਾਨ ਮਹਾਵੀਰ:

ਭਗਵਾਨ ਪਾਰਸਵ ਨਾਥ ਦੇ ਨਿਰਵਾਨ ਦੇ 250 ਸਾਲ ਬਾਅਦ ਬਿਹਾਰ ਦੇ ਖਤਰੀ ਕੁੰਡ ਵਿੱਚ ਭਗਵਾਨ ਮਹਾਵੀਰ ਦਾ ਜਨਮ ਹੋਇਆ। ਉਨ੍ਹਾਂ ਦੇ ਪਿਤਾ ਸਿਧਾਰਥ ਇੱਕ ਬਹਾਦਰ ਖਤਰੀ ਰਾਜਾ ਸਨ। ਭਗਵਾਨ ਮਹਾਵੀਰ ਦੀ ਮਾਤਾ ਤ੍ਰਿਸ਼ਲਾ ਰਾਣੀ ਵੇਸ਼ਾਲੀ ਦੇ ਗਣ ਪ੍ਰਮੁੱਖ ਚੇਟਕ ਦੀ ਪੁੱਤਰੀ ਸੀ। ਚੇਤ ਸੁਦੀ 13 ਨੂੰ ਭਗਵਾਨ ਮਹਾਵੀਰ ਦਾ ਜਨਮ ਹੋਇਆ। ਜਨਮ ਦਾ ਨਾਉ ਸੀ ਵਰਧਮਾਨ, ਜਨਮ ਤੋਂ ਹੀ ਬਹੁਤ ਤੇਜ਼ਵਾਨ, ਪ੍ਰਾਕਰਮੀ, ਨਿਰਭੈ ਅਤੇ ਤੇਜ਼ ਬੁੱਧੀ ਦੇ ਧਨੀ ਸਨ, ਨਾਲ ਹੀ ਉਨ੍ਹਾਂ ਦੇ ਸੁਭਾਅ ਵਿੱਚ ਅਨੇਕਾਂ ਅਜਿਹੇ ਵਿਰੋਧੀ ਗੁਣ ਸਨ ਕਿ ਇਕ ਪਾਸੇ ਉਹ ਬਹੁਤ ਹੀ ਕਸ਼ਟ ਸਹਿਣਸ਼ੀਲਤਾ ਰੱਖਦੇ ਸਨ ਤਾਂ ਦੂਸਰੇ ਪਾਸੇ ਦਿਲ ਤੋਂ ਬਹੁਤ ਹੀ ਕੋਮਲ ਤੇ ਦਿਆਵਾਨ ਵੀ ਸਨ। ਸੱਚ ਦਾ ਪੱਖ ਲੈਣ ਵਿੱਚ

ਦ੍ਰਿੜ ਅਤੇ ਕਠੋਰ ਸਨ, ਤਾਂ ਨਾਲ ਹੀ ਸੱਚ ਦੀ ਵਿਆਖਿਆ ਕਰਨ ਵਿੱਚ ਵੀ ਉਹ ਬਹੁਤ ਪੱਖਪਾਤ ਰਹਿਤ ਬੁੱਧੀ, ਵਿਚਾਰਾਂ ਵਿੱਚ ਸੁਮੇਲ ਸ਼ੈਲੀ ਅਪਣਾਉਂਦੇ ਸਨ। ਉਹ ਪਰਿਵਾਰ ਦੇ ਪ੍ਰਤੀ ਅਪਣਾ ਕਰਤਬ ਪਾਲਣ, ਮਾਤਾ ਪਿਤਾ ਦੇ ਪ੍ਰਤੀ ਬਹੁਤ ਬਿਨੈ ਭਾਵ ਅਤੇ ਵੱਡੇ ਭਰਾ ਦੇ ਪ੍ਰਤੀ ਆਦਰ ਸਨਮਾਨ ਰੱਖਦੇ ਸਨ, ਤਾਂ ਨਾਲ ਹੀ ਸੰਸਾਰਕ ਸੁੱਖ ਦੇ ਸਾਧਨ ਦੇ ਪ੍ਰਤੀ ਜਲ ਵਿੱਚ ਪੈਦਾ ਹੋਏ ਕਮਲ ਦੀ ਤਰ੍ਹਾਂ ਬਹੁਤ ਹੀ ਉਦਾਸੀਨ ਨਿਰਲੇਪ ਅਤੇ ਮਹਾਨ ਯੋਗੀ ਜਿਹਾ ਜੀਵਨ ਜਿਉਂਦੇ ਸਨ।

ਮਾਂ ਪਿਉ ਦੇ ਸਵਰਗਵਾਸ ਤੋਂ ਬਾਅਦ 30 ਸਾਲ ਦੀ ਉਮਰ ਵਿੱਚ, ਰਾਜ ਸੁੱਖਾਂ ਨੂੰ ਛੱਡ ਕੇ ਸੁੰਦਰ ਪਤਨੀ ਯਸ਼ੋਧਾ ਦਾ ਪਿਆਰ ਠੁਕਰਾ ਕੇ, ਕਠੋਰ ਸਾਧਨਾ ਦਾ ਰਾਹ ਸਵਿਕਾਰ ਕਰ ਕੇ ਦਿੱਖਿਆ ਗ੍ਰਹਿਣ ਕਰ ਲਈ। ਮੱਘਰ ਬਦੀ 10 ਦੇ ਦਿਨ ਉਹ ਸੰਸਾਰ ਦਾ ਤਿਆਗ ਕਰਕੇ ਸਾਧੂ ਬਣ ਗਏ। ਉਸ ਸਮੇਂ ਤੋਂ ਰਾਜਕੁਮਾਰ ਵਰਧਮਾਨ ਸ਼੍ਰਮਣ ਵਰਧਮਾਨ ਜਾਂ ਸ਼੍ਰਮਣ ਮਹਾਵੀਰ ਦੇ ਨਾਉਂ ਨਾਲ ਪ੍ਰਸ਼ਿੱਧ ਹੋਏ। ਭਗਵਾਨ ਮਹਾਵੀਰ ਨੇ ਇਕਾਂਤ ਵਿੱਚ ਧਿਆਨ ਯੋਗ ਦੀ ਅਪਣੀ ਸਾਧਨਾ ਸ਼ੁਰੂ ਕੀਤੀ। ਇਸ ਸਾਧਨਾ ਦੇ ਸਮੇਂ ਉਨ੍ਹਾਂ ਨੂੰ ਅਨੇਕਾਂ ਭਿਆਨਕ ਕਸ਼ਟ ਮੁਸੀਬਤਾਂ ਅਤੇ ਸੰਕਟ ਵੀ ਪੈਦਾ ਹੋਏ। ਅਨਾਰੀਆ (ਦੁਸ਼ਟ ਲੋਕ) ਅਗਿਆਨੀ ਮਨੁੱਖਾਂ ਨੂੰ ਵੀ ਪੀੜ ਪਹੁੰਚਾਈ, ਉਥੇ ਧਰਮ ਦੇ ਦਵੇਸ਼ੀ ਅਸੂਰ ਦੇਵਤਿਆਂ ਨੇ ਭਗਵਾਨ ਮਹਾਵੀਰ ਨੂੰ ਦਿਲ ਕੰਬਾਉਣ ਵਾਲੇ ਕਸ਼ਟ ਅਤੇ ਦੁੱਖ ਦਿੱਤੇ। 12 ਸਾਲ 5 ਮਹੀਨੇ 15 ਦਿਨ ਦਾ ਸਾਧਨਾ ਕਾਲ ਬਹੁਤ ਹੀ ਕਠੋਰ ਤੱਪਸੀਆ ਧਿਆਨ ਅਤੇ ਚੁੱਪ (ਮੋਨ) ਸਾਧਨਾ ਦਾ ਸਮਾਂ ਰਿਹਾ। ਅੰਤ ਵਿੱਚ ਜ਼ੰਭਿਕ ਗ੍ਰਾਮ ਦੇ ਬਾਹਰ ਰਿਜੂਵਾਲੀਕਾ ਨਦੀ ਦੇ ਕਿਨਾਰੇ ਪਰਮ ਸ਼ੁੱਧ ਉੱਚ ਧਿਆਨ ਕਰਦੇ ਹੋਏ ਇਕ ਸ਼ਾਲ ਦਰਖਤ ਦੇ ਹੇਠਾਂ ਬੈਠੇ ਹੋਏ ਭਗਵਾਨ ਮਹਾਵੀਰ ਨੇ ਚਾਰ ਘਣਘਾਤੀ ਕਰਮਾਂ ਦਾ ਨਾਸ਼ ਕਰਕੇ ਕੇਵਲ ਗਿਆਨ ਪ੍ਰਾਪਤ ਕਰ ਲਿਆ। ਇਹ ਪਵਿੱਤਰ ਦਿਨ ਸੀ, ਵੇਸ਼ਾਖ ਸ਼ੁਕਲਾ 10ਵੀਂ।

## ਤੀਰਥ ਸਥਾਪਨਾ:

ਕੇਵਲ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਭਗਵਾਨ ਮਹਾਵੀਰ ਜ਼ੰਭਿਕ ਗ੍ਰਾਮ ਤੋਂ ਚੱਲਕੇ ਮੱਧਿਅਮ ਪਾਵਾ (ਪਾਵਾਪੁਰੀ) ਵਿੱਚ ਪਧਾਰੇ, ਮੱਧਿਅਮ ਪਾਵਾ ਵਿੱਚ ਸੋਮਿਲ ਨਾਉ ਦਾ ਅਮੀਰ ਬ੍ਰਾਹਮਣ ਇੱਕ ਵਿਸ਼ਾਲ ਮਹਾਂ ਯੱਗ ਕਰ ਰਿਹਾ ਸੀ। ਜਿਸ ਵਿੱਚ ਉਸ ਸਮੇਂ ਦੇ ਮਹਾਨ ਪੰਡਿਤ, ਵੇਦ-ਵੇਦਾਂਗ ਦੇ ਵਿਦਵਾਨ ਕ੍ਰਮਕਾਂਡੀ ਯੱਗ ਅਚਾਰਿਆ ਇੰਦਰ ਭੂਤੀ ਗੋਤਮ ਸਮੇਤ ਅਨੇਕਾਂ ਵਿਦਵਾਨ ਸ਼ਾਮਲ ਹੋਏ ਸਨ। ਇਨ੍ਹਾਂ ਗਿਆਰਾਂ ਮੁੱਖ ਮਹਾਂ ਪੰਡਿਤਾਂ ਦੇ 4400 ਚੇਲੇ ਵੀ ਨਾਲ ਸਨ। ਇਹ ਸਾਰੇ ਵਿਦਵਾਨ ਭਗਵਾਨ ਮਹਾਵੀਰ ਦਾ ਪਹਿਲਾ ਉਪਦੇਸ਼ ਸੁਣ ਕੇ ਉਹਨਾਂ ਦੇ ਚੇਲੇ ਹੋ ਗਏ। ਉਸੇ ਸਮੇਂ ਚੰਪਾ ਨਗਰੀ ਦੀ ਰਾਜਕੁਮਾਰੀ ਬਸੂਮਤੀ, ਜਿਸ ਨੂੰ ਲੁਟੇਰੇ ਫੋਜੀਆਂ ਨੇ ਕੋਸ਼ਾਂਭੀ ਨਗਰੀ ਵਿੱਚ ਇਕ ਦਾਸੀ ਦੇ ਰੂਪ ਵਿੱਚ ਵੇਚ ਦਿੱਤਾ ਸੀ ਅਤੇ ਜੋ ਉੱਥੋਂ ਦੇ ਸੇਠ ਧੰਨਾ ਦੇ ਘਰ ਸੁਰੱਖਿਅਤ ਧਰਮ ਸਾਧਨਾ ਕਰ ਰਹੀ ਸੀ। ਬਸੂਮਤੀ ਨੂੰ ਸੂਚਨਾ ਮਿਲੀ ਕਿ ਸ਼੍ਰਮਣ ਭਗਵਾਨ ਵਰਧਮਾਨ ਨੇ ਧਰਮ ਤੀਰਥ ਦੀ ਸਥਾਪਨਾ ਕੀਤੀ ਹੈ ਤਾਂ ਉਹ ਵੀ ਉਸ ਧਰਮ ਸਭਾ ਵਿੱਚ ਹਾਜ਼ਰ ਹੋਈ। ਅਨੇਕਾਂ ਰਾਜਕੁਮਾਰੀਆਂ ਅਤੇ ਰਾਣੀਆਂ ਦੇ ਨਾਲ ਉਸ ਨੇ ਵੀ ਭਗਵਾਨ ਮਹਾਵੀਰ ਤੋਂ ਸ਼੍ਰਮਣ ਦਿੱਖਿਆ ਗ੍ਰਹਿਣ ਕੀਤੀ। ਇਹ ਹੀ ਮਹਾਵਤੀ ਚੰਦਨ ਬਾਲਾ ਭਗਵਾਨ ਮਹਾਵੀਰ ਦੀਆਂ 36000 ਸਾਧਵੀਆਂ ਦੀ ਪ੍ਰਮੁੱਖ ਬਣੀ। ਇਸੇ ਧਰਮ ਸਭਾ ਵਿੱਚ ਸ਼ੰਖ, ਸ਼ਤਕ ਆਦਿ ਗ੍ਰਹਿਸਥਾਂ ਨੇ ਸ਼੍ਰਾਵਕ (ਉਪਾਸ਼ਕ) ਧਰਮ ਅਤੇ ਸੁਲਸਾ ਆਦਿ ਨੇ ਸ਼੍ਰਾਵਿਕਾ (ਉਪਾਸਕਾ) ਧਰਮ ਸਵਿਕਾਰ ਕੀਤਾ। ਇਸ ਪ੍ਰਕਾਰ ਵਿਸ਼ਾਖ ਸ਼ੁਦੀ 11 ਦੇ ਦਿਨ ਜੈਨ ਪ੍ਰੰਪਰਾ ਵਿੱਚ ਤੀਰਥ ਸਥਾਪਨਾ ਦਾ ਦਿਨ ਸਿੱਧ ਹੋਇਆ। ਇਸੇ ਦਿਨ ਭਗਵਾਨ ਮਹਾਵੀਰ ਨੇ ਸਾਧੂ ਸਾਧਵੀ, ਸ਼੍ਰਾਵਕ ਸ਼੍ਰਾਵਿਕਾ ਰੂਪੀ ਚਤੁਰਵਿਧ (ਚਾਰ ਪ੍ਰਕਾਰ) ਧਰਮ ਤੀਰਥ ਦੀ ਸਥਾਪਨਾ ਕੀਤੀ ਅਤੇ ਅਹਿੰਸਾ ਸੰਜਮ ਪ੍ਰਮੁੱਖ ਧਰਮ ਦਾ ਸੰਦੇਸ਼ ਦਿੱਤਾ।

ਕੇਵਲ ਗਿਆਨ ਪ੍ਰਾਪਤ ਕਰਨ ਤੋਂ ਬਾਅਦ 30 ਸਾਲ ਤੱਕ ਭਗਵਾਨ ਮਹਾਵੀਰ ਨੇ ਵਿਦਵਾਨਾਂ ਦੀ ਸੰਸਕ੍ਰਿਤ ਭਾਸ਼ਾ ਨੂੰ ਛੱਡ ਕੇ ਆਮ ਭਾਸ਼ਾ ਅਰਧ ਮਾਗਧੀ ਪ੍ਰਾਕ੍ਰਿਤ ਵਿੱਚ ਅਪਣਾ ਧਰਮ ਉਪਦੇਸ਼ ਦਿੱਤਾ ਜਿਸ ਦਾ ਡੂੰਘਾ ਅਸਰ ਹੋਇਆ। ਬੱਚੇ ਇਸਤਰੀ ਪੇਂਡੂ ਅਤੇ ਸਾਰੇ ਵਰਗਾਂ ਦੇ ਲੋਕ ਉਨ੍ਹਾਂ ਦਾ ਉਪਦੇਸ਼

ਸੁਣਨ ਲਈ ਆਉਂਦੇ ਅਤੇ ਸਮਝ ਕੇ ਇਸ ਧਰਮ ਉਪਦੇਸ਼ ਨੂੰ ਸਵਿਕਾਰ ਵੀ ਕਰਦੇ। ਅੰਗ, ਮੱਗਧ, ਤਲਿੰਗ, ਕਾਂਸ਼ੀ, ਕੋਸ਼ਲ, ਅਵੰਤੀ, ਸਿੰਧੂ ਸੋਵੀਰ ਆਦਿ ਦੂਰ ਪ੍ਰਦੇਸ਼ਾਂ ਵਿੱਚ ਭਗਵਾਨ ਮਹਾਵੀਰ ਨੇ ਧਰਮ ਪ੍ਰਚਾਰ ਕੀਤਾ।

## ਭਗਵਾਨ ਮਹਾਵੀਰ ਦਾ ਉਪਦੇਸ਼: ਵਿਚਾਰ ਅਤੇ ਆਚਾਰ ਸ਼ੁੱਧੀ:

ਭਗਵਾਨ ਮਹਾਵੀਰ ਨੇ ਜੀਵਨ ਸ਼ੁੱਧੀ ਦੇ ਲਈ ਜਿਸ ਸ਼ਰਲ ਸਹਿਜ ਧਰਮ ਦਾ ਉਪਦੇਸ਼ ਦਿੱਤਾ। ਉਸ ਨੂੰ ਅਸੀਂ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ। ਵਿਚਾਰ ਸ਼ੁੱਧੀ ਦਾ ਮਾਰਗ ਅਤੇ ਆਚਾਰ ਸ਼ੁੱਧੀ ਦਾ ਮਾਰਗ।

**ਵਿਚਾਰ ਸ਼ੁੱਧੀ** - ਵਿਚਾਰ ਹੀਨ ਮਨੁੱਖ ਦੇ ਆਚਾਰ ਦਾ ਨਿਰਮਾਨ ਕਰਦੇ ਹਨ ਇਸ ਲਈ ਸਭ ਤੋਂ ਪਹਿਲਾ ਵਿਚਾਰਾਂ ਦੀ ਸ਼ੁੱਧੀ ਜ਼ਰੂਰੀ ਹੈ। ਵਿਚਾਰ ਸ਼ੁੱਧੀ ਦੇ ਲਈ ਭਗਵਾਨ ਮਹਾਵੀਰ ਨੇ ਦੋ ਰਾਹ ਦੱਸੇ ਹਨ।

1. **ਅਨੇਕਾਂਤ ਦ੍ਰਿਸ਼ਟੀ** - ਕਿਸੇ ਵੀ ਸਚਾਈ, ਤੱਤਵ ਜਾਂ ਸਿਧਾਂਤ ਨੂੰ ਸਮਝਨ ਦੇ ਲਈ ਅਨੇਕਾਂਤ ਜਾਂ ਸਿਆਦਵਾਦ ਦਾ ਸਹਾਰਾ ਲਵੋ। ਅਨੇਕਾਂਤ ਦਾ ਅਰਥ ਹੈ ਅਪੇਕਸ਼ਾਵਾਦ (ਕਿਸੇ ਇੱਕ ਪੱਖ ਤੋਂ), ਵਿਵਹਾਰ ਜਗਤ ਵਿੱਚ ਅਪੇਕਸ਼ਾਵਾਦ ਜਾਂ ਅਨੇਕਾਂਤ ਤੋਂ ਬਿਨ੍ਹਾਂ ਜਿਵੇਂ ਕੰਮ ਨਹੀਂ ਚੱਲਦਾ, ਉਂਝ ਹੀ ਤੱਤਵਾਂ ਦੀ ਵਿਆਖਿਆ ਵਿੱਚ ਵੀ ਅਨੇਕਾਂਤ ਤੋਂ ਬਿਨ੍ਹਾਂ ਕਿਸੇ ਸੱਚ ਨੂੰ ਪੂਰਨ ਰੂਪ ਵਿੱਚ ਸਮਝੀਆ ਨਹੀਂ ਜਾ ਸਕਦਾ। ਉਦਾਹਰਨ ਰੂਪ ਵਿੱਚ ਭਗਵਾਨ ਮਹਾਵੀਰ ਨੇ ਦੱਸੀਆ - ਪ੍ਰਾਣੀ ਜਨਮ ਲੈਂਦਾ ਹੈ, ਵਸਤੂ ਇਕ ਰੂਪ ਵਿੱਚੋਂ ਉਤਪੰਨ ਹੁੰਦੀ ਹੈ, ਫੇਰ ਪ੍ਰਾਣੀ ਮਰ ਜਾਂਦਾ ਹੈ ਵਸਤੂ ਵੀ ਗਲਸੜ ਕੇ ਨਸ਼ਟ ਹੋ ਜਾਂਦੀ ਹੈ। ਪਰ ਉਸ ਪ੍ਰਾਣੀ ਦੇ ਅੰਦਰ ਜੋ ਆਤਮਾ ਹੈ, ਬਨਸਪਤੀ ਦੇ ਅੰਦਰ ਜੋ ਚੇਤਨਾ ਹੈ, ਉਹ ਕਦੇ ਵੀ ਨਹੀਂ ਮਰਦੀ, ਨਸ਼ਟ ਨਹੀਂ ਹੁੰਦੀ। ਦੇਹ ਨਸ਼ਟ ਹੁੰਦੀ ਹੈ, ਦੇਹੀ (ਆਤਮਾ) ਨਹੀਂ। ਇਸ ਪ੍ਰਕਾਰ ਹਰ ਵਸਤੂ ਜਾਂ ਪਦਾਰਥ ਦੀਆਂ ਤਿੰਨ ਅਵਸਥਾਵਾਂ ਹੁੰਦੀਆਂ ਹਨ। ਪੈਦਾ ਹੋਣਾ, ਨਸ਼ਟ ਹੋਣਾ ਅਤੇ ਉਸ ਦੇ ਅੰਦਰ ਚੇਤਨਾ ਦਾ ਸਦਾ ਸਥਿਰ ਰਹਿਣਾ, ਇਸ ਨੂੰ ਹੀ ਤ੍ਰਿਪਦੀ ਕਿਹਾ ਜਾਂਦਾ ਹੈ। ਇਹ ਤ੍ਰਿਪਦੀ ਹੀ ਭਗਵਾਨ ਮਹਾਵੀਰ ਦੇ ਫਲਸਫੇ ਨੂੰ ਸਮਝਣ ਦੀ ਕੁੰਜੀ ਹੈ ਅਤੇ ਆਪਸੀ ਸੁਮੇਲ ਦਾ ਰਾਹ ਹੈ।

2. **ਭਾਵਨਾ ਸ਼ੁੱਧੀ** - ਵਿਚਾਰ ਸ਼ੁੱਧੀ ਦਾ ਦੂਸਰਾ ਰਾਹ ਹੈ। ਸੁੱਖ ਦੁੱਖ ਵਿੱਚ ਧੀਰਜ ਅਤੇ ਸਮਤਾ ਅਤੇ ਮਾਨ ਅਪਮਾਨ ਵਿੱਚ ਸਮ ਭਾਵ ਰੱਖਕੇ ਅਸੀਂ ਸਦਾ ਖੁਸ਼ ਅਤੇ ਸ਼ਾਂਤ ਰਹਿ ਸਕਦੇ ਹਾਂ। ਨਾਲ ਹੀ ਸੰਸਾਰ ਦੇ ਭੌਤਿਕ ਸੁੱਖਾਂ ਅਤੇ ਭੋਗਾਂ ਪ੍ਰਤੀ ਲਗਾਉ ਦੀ ਭਾਵਨਾ ਰਹਿਤ ਸਰੀਰ ਆਦਿ ਦੇ ਪ੍ਰਤੀ ਮਮਤਾ ਮੁਕਤ, ਜੀਵਨ ਜੀ ਕੇ ਜਲ ਵਿੱਚ ਕਮਲ ਦੀ ਤਰ੍ਹਾਂ ਸੋਗ, ਚਿੰਤਾ ਭੈ ਆਦਿ ਸਾਰੀਆਂ ਤੋਂ ਨਿਰਲਿਪਤ ਵੀ ਰਹਿ ਸਕਦੇ ਹਾਂ। ਇਸੇ ਲਈ ਅਨਿਤੱਤਾ, ਅਸ਼ਰਨਤਾ, ਆਦਿ 12 ਵੈਰਾਗ ਭਾਵਨਾ ਅਤੇ ਮੈਤਰੀ, ਪ੍ਰਮੋਦ, ਕਰੂਣਾ ਅਤੇ ਮਾਧਯਸਥ (ਵਿਚਕਾਰਲਾ ਰਾਹ) ਭਾਵਨਾ ਨੂੰ ਬਲ ਦਿੱਤਾ ਜਾਂਦਾ ਹੈ। ਇਹਨਾਂ ਭਾਵਨਾ ਦੁਆਰਾ ਚਿੱਤ ਨੂੰ ਨਿਰਲਿਪਤ ਸ਼ਾਂਤ ਅਤੇ ਸੇਹਤਮੰਦ ਰੱਖਣਾ ਹੀ ਭਾਵ ਸ਼ੁੱਧੀ ਦਾ ਰਾਹ ਹੈ।

**ਆਚਾਰ ਸ਼ੁੱਧੀ** - ਅਚਾਰ ਧਰਮ ਦੀ ਕਸ਼ੋਟੀ ਹੈ। ਧਰਮ ਦੀ ਪ੍ਰੀਖਿਆ ਅਤੇ ਪਹਿਚਾਨ ਮਨੁੱਖ ਦੇ ਚੱਰਿਤਰ ਤੋਂ ਹੀ ਹੁੰਦੀ ਹੈ। ਆਚਾਰ ਸਾਡਾ ਜੀਵਨ ਤੱਤਵ ਹੈ ਜੋ ਮਨੁੱਖ ਵਿੱਚ, ਸਮਾਜ ਵਿੱਚ, ਪਰਿਵਾਰ ਵਿੱਚ, ਦੇਸ਼ ਵਿੱਚ ਤੇ ਵਿਸ਼ਵ ਵਿੱਚ ਫੈਲਿਆ ਹੋਇਆ ਹੈ। ਜਿਸ ਆਚਰਨ ਜਾਂ ਵਿਵਹਾਰ ਤੋਂ ਮਨੁੱਖ ਤੋਂ ਲੈ ਕੇ ਦੇਸ਼ ਅਤੇ ਵਿਸ਼ਵ ਦਾ ਕਲਿਆਣ ਅਤੇ ਤਰੱਕੀ ਹੋਵੇ ਉਸ ਨੂੰ ਧਰਮ ਕਿਹਾ ਜਾਂਦਾ ਹੈ। ਭਗਵਾਨ ਮਹਾਵੀਰ ਨੇ ਦੱਸੀਆ ਕਿ ਧਰਮ ਤਿੰਨ ਪ੍ਰਕਾਰ ਦਾ ਹੈ, ਅਹਿੰਸਾ, ਸੰਜਮ ਅਤੇ ਤੱਪ (ਇਸ ਦੀ ਵਿਆਖਿਆ ਅੱਗੇ ਕੀਤੀ ਜਾਂਦੀ ਹੈ)

## ਧਰਮ ਤੀਰਥ ਦੇ ਚਾਰ ਮੱਹਤਵਪੂਰਨ ਅੰਗ:

ਭਗਵਾਨ ਮਹਾਵੀਰ ਨੇ ਆਤਮ ਸਾਧਨਾ ਦੇ ਲਈ ਦੋ ਰਾਹ ਦੱਸੇ: ਇੱਕ ਪੂਰਨ ਸਾਧਨਾ ਅਤੇ ਤਿਆਗ ਦਾ ਮਾਰਗ ਜਿਸ ਨੂੰ ਸ਼੍ਰਮਣ ਧਰਮ ਕਿਹਾ ਗਿਆ, ਸ਼੍ਰਮਣ ਸੰਸਾਰ ਨੂੰ ਛੱਡਕੇ ਤੱਪ ਤਿਆਗ ਵਿੱਚ ਲੱਗਕੇ ਤਿਆਗ ਦਾ ਜੀਵਨ ਜਿਉਂਦਾ ਹੈ। ਉਨ੍ਹਾਂ ਦਾ ਆਚਾਰ ਪੰਜ ਮਹਾਵਰਤ ਅਖਵਾਉਂਦਾ ਹੈ। ਜਿਵੇਂ ਅਹਿੰਸਾ, ਸੱਚ, ਚੋਰੀ ਨਾ ਕਰਨਾ, ਬ੍ਰਹਮਚਰਜ ਅਤੇ ਅਪਰਿਗ੍ਰਹਿ (ਜ਼ਰੂਰਤ ਤੋਂ ਵੱਧ ਵਸਤੂਆਂ ਦਾ ਸੰਗ੍ਰਹਿ) ਭਗਵਾਨ ਮਹਾਵੀਰ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ

ਕੇ, ਸਾਰੇ ਵਰਗ ਅਤੇ ਜਾਤਾਂ ਦੇ ਲੋਕ ਉਨਾਂ ਕੋਲ ਦੀਖਿਅਤ ਹੋਏ। ਜਿਨ੍ਹਾਂ ਵਿੱਚ ਇੰਦਰ ਭੂਤੀ ਗੋਤਮ ਆਦਿ ਸੈਂਕੜੇ ਬ੍ਰਾਹਮਣ ਚੇਲੇ ਸਨ। ਧੰਨਾ, ਸ਼ਾਲੀ ਭੱਦਰ ਆਦਿ ਸੈਂਕੜੇ ਬਾਣੀਏ ਕੁਲ ਤੋਂ ਆਏ ਸਨ। ਮੇਘ ਕੁਮਾਰ, ਉਦਾਇਣ ਰਾਜਾ ਆਦਿ ਖੱਤਰੀ ਸਨ ਤਾਂ ਅਰਜੁਨਮਾਲੀ ਜਿਹੇ ਹੇਠਲੇ ਵਰਗਾਂ ਤੋਂ ਆਏ ਸਨ। ਇਸੇ ਤਰ੍ਹਾਂ ਹਜ਼ਾਰਾਂ ਇਸਤਰੀਆਂ ਨੇ ਭਗਵਾਨ ਮਹਾਵੀਰ ਦੇ ਕੋਲ ਮੁਨੀ ਧਰਮ ਗ੍ਰਹਿਣ ਕੀਤਾ ਜਿਨ੍ਹਾ ਨੂੰ ਸ਼੍ਰਮਣੀ, ਨਿਰਗ੍ਰੰਥਣੀ ਕਿਹਾ ਜਾਂਦਾ ਸੀ।

ਸ਼੍ਰਮਣ ਧਰਮ ਦੇ ਨਾਲ ਹੀ ਭਗਵਾਨ ਮਹਾਵੀਰ ਨੇ ਗ੍ਰਹਿਸਥ ਜੀਵਨ ਵਿੱਚ ਰਹਿੰਦੇ ਹੋਏ ਧਰਮ ਸਾਧਨਾ ਕਰਨ ਦਾ ਇਕ ਸ਼ਰਲ ਅਤੇ ਵਿਵਹਾਰਕ ਰਾਹ ਦੱਸਿਆ, ਜਿਸ ਨੂੰ ਗ੍ਰਹਿਸਥ ਧਰਮ, ਸ਼੍ਰਾਵਕ ਧਰਮ ਜਾਂ ਸ਼੍ਰਮਣ ਉਪਾਸ਼ਕ ਧਰਮ ਕਿਹਾ ਗਿਆ।

ਭਗਵਾਨ ਮਹਾਵੀਰ ਦੇ ਗ੍ਰਹਿਸਥ ਸ਼੍ਰਾਵਕਾਂ ਵਿੱਚ ਆਨੰਦ ਜਿਹੇ ਵਿਸ਼ਾਲ ਜਮੀਨ ਵਿੱਚ ਖੇਤੀ ਕਰਨ ਵਾਲੇ ਅਤੇ ਗਊਆਂ ਦਾ ਪਾਲਣ ਕਰਨ ਵਾਲੇ ਅਮੀਰ ਕਿਸਾਨ ਵੀ ਸਨ ਤਾਂ ਅਨੇਕਾਂ ਵਿਉਪਾਰੀ, ਬਾਣੀਏ, ਖੱਤਰੀ ਅਤੇ ਸੂਦਰ ਕੁਲਾਂ ਵਿੱਚ ਉਤਪਨ ਹੋਏ ਮਨੁੱਖ ਵੀ ਸ਼ਾਮਲ ਸਨ। ਧਰਮ ਸਾਧਨਾ ਦੇ ਰਾਹ ਵਿੱਚ ਉਨ੍ਹਾਂ ਕਿਸੇ ਲਈ ਜਾਤੀ, ਵਰਗ ਦਾ ਭੇਦ ਨਹੀਂ ਕੀਤਾ। ਅਨੇਕਾਂ ਸਨਿਆਸੀ, ਪਰਿਵਰਾਜਕ ਵੀ ਭਗਵਾਨ ਮਹਾਵੀਰ ਦੇ ਉਪਾਸ਼ਕ ਬਣੇ ਅਤੇ ਉਨ੍ਹਾ ਨੇ ਲੰਬੀ ਤੱਪਸਿਆ ਕਰਕੇ ਅਪਣੀ ਆਤਮਾ ਦਾ ਕਲਿਆਣ ਕੀਤਾ।

ਇਸ ਪ੍ਰਕਾਰ ਭਗਵਾਨ ਮਹਾਵੀਰ ਦੇ ਧਰਮ ਤੀਰਥ ਦੇ ਚਾਰ ਖੰਬੇ ਸਨ। ਸਾਧੂ, ਸਾਧਵੀ, ਸ਼੍ਰਾਵਕ ਸ਼੍ਰਾਵਿਕਾ। ਚਾਰ ਪ੍ਰਕਾਰ ਦੇ ਧਰਮ ਤੀਰਥ ਦੀ ਸਥਾਪਨਾ ਕਰਨ ਕਾਰਨ ਹੀ ਭਗਵਾਨ ਮਹਾਵੀਰ ਤੀਰਥੰਕਰ ਜਾਂ ਧਰਮ ਦੀ ਸਥਾਪਨਾ ਕਰਨ ਵਾਲੇ ਪ੍ਰਵਰਤਕ ਅਖਵਾਉਂਦੇ ਹਨ। ਉਸ ਸਮੇਂ ਅਨੇਕਾਂ ਰਾਜ ਪਰਿਵਾਰ ਭਗਵਾਨ ਮਹਾਵੀਰ ਦੇ ਪਰਮ ਭਗਤ ਸਨ। ਜਿਨ੍ਹਾਂ ਵਿੱਚੋ ਪ੍ਰਮੁੱਖ ਅਤੇ ਪ੍ਰਸ਼ਿੱਧ ਨਾਮ ਹਨ - ਮੱਗਧ ਦਾ ਰਾਜਾ ਸ਼੍ਰੇਣਿਕ ਬਿੰਬਸਾਰ, ਚੰਪਾ ਦਾ ਰਾਜਾ ਅਜਾਤ ਸ਼ੱਤਰੂ ਕੋਣਿਕ, ਅਵੰਤੀ ਦਾ ਰਾਜਾ ਚੰਡਪ੍ਰਦੋਤ, ਸਿੰਧ ਸੋਵੀਰ ਦੇਸ ਦਾ ਰਾਜਾ ਉਦਾਇਣ, ਵੇਸ਼ਾਲੀ ਦਾ ਰਾਜ ਪ੍ਰਮੁੱਖ ਚੇਟਕ, ਕਾਸ਼ੀ ਕੋਸ਼ਲ ਕੋਸਾਂਭੀ ਆਦਿ ਦੇ ਰਾਜ ਪਰਿਵਾਰ ਵੀ ਭਗਵਾਨ ਮਹਾਵੀਰ ਦੇ ਪਰਮ ਭਗਤ ਸਨ।

ਉਸ ਸਮੇਂ ਦੇ ਇਤਿਹਾਸ ਤੋਂ ਪਤਾ ਚੱਲਦਾ ਹੈ ਕਿ ਲੱਛਵੀ ਆਦਿ ਗਣਰਾਜਾਂ ਵਿੱਚ ਭਗਵਾਨ ਮਹਾਵੀਰ ਦਾ ਬਹੁਤ ਪ੍ਰਭਾਵ ਸੀ ਅਤੇ ਸ਼ਾਕਯ ਗਣਰਾਜਾਂ ਵਿੱਚ ਮਹਾਤਮਾ ਬੁੱਧ ਦਾ ਪ੍ਰਭਾਵ ਸੀ ਦੋਹੇਂ ਧਰਮ ਪ੍ਰਵਰਤਕ ਖਤਰੀ ਰਾਜਕੁਮਾਰ ਸਨ ਅਤੇ ਅਹਿੰਸਾ - ਸੰਜਮ - ਕਰੂਣਾ ਪ੍ਰਧਾਨ ਧਰਮ ਦਾ ਪ੍ਰਚਾਰ ਕਰਦੇ ਸਨ। ਦੋਹਾਂ ਨੇ ਯੱਗਾਂ ਵਿੱਚ ਹੋਣ ਵਾਲੀ ਹਿੰਸਾ ਦਾ ਵਿਰੋਧ ਕੀਤਾ। ਧਰਮ ਦੇ ਨਾਉ ਤੇ ਜਾਤ, ਪਾਤ ਦਾ ਭੇਦ ਮਿਟਾ ਕੇ ਸਭ ਨੂੰ ਧਰ ਅਰਾਧਨਾ ਦਾ ਪੂਰਨ ਅਧਿਕਾਰ ਦਿੱਤਾ। ਭਗਵਾਨ ਮਹਾਵੀਰ ਨੇ ਇਸ ਤੋਂ ਵੀ ਅੱਗੇ ਵੱਧਕੇ ਇਸਤਰੀ ਜਾਤੀ ਨੂੰ ਧਰਮ ਸਾਧਨਾ ਦੇ ਖੇਤਰ ਵਿੱਚ ਪੂਰਨ ਸਨਮਾਨ ਅਤੇ ਬਰਾਬਰੀ ਦਾ ਸਥਾਨ ਦਿੱਤਾ ਜੋ ਪੁਰਾਤਨ ਸਮੇਂ ਤੋਂ ਚੱਲੀਆਂ ਆ ਰਹੀਆਂ ਮਾਨਤਾਵਾਂ ਨੂੰ ਇਕ ਖੁਲ੍ਹੀ ਚੁਣੋਤੀ ਸੀ। ਜਿਸ ਨੂੰ ਅਸੀਂ ਧਰਮ ਕ੍ਰਾਂਤੀ ਵੀ ਆਖ ਸਕਦੇ ਹਾਂ।

ਇਸ ਪ੍ਰਕਾਰ ਤੀਹ ਸਾਲ ਤੱਕ ਅਹਿੰਸਾ ਧਰਮ ਦਾ ਪ੍ਰਚਾਰ ਕਰ ਕੇ ਕੱਤਕ ਬਦੀ ਅਮਾਵਸ ਦੀ ਰਾਤ ਨੂੰ ਪਾਵਾਪੂਰੀ ਵਿਖੇ ਭਗਵਾਨ ਮਹਾਵੀਰ ਦਾ ਨਿਰਵਾਨ ਹੋ ਗਿਆ।

ਭਗਵਾਨ ਮਹਾਵੀਰ ਦਾ ਜਨਮ ਈ. ਪੂ. 599 ਮਾਰਚ
ਦਿੱਖਿਆ ਈ. ਪੂ. 569 ਦਸੰਬਰ, ਜਨਵਰੀ
ਨਿਰਵਾਨ ਈ. ਪੂ. 527 ਨਵੰਬਰ

---

ਟਿਪਨੀ:

1. ਸ਼੍ਰੀਮਦ ਭਗਵਤ ਪੁਰਾਨ ਦੇ ਪੰਜਵੇਂ ਸਕੰਧ ਦੇ ਅਧਿਆਏ 2 ਤੋਂ 6 ਤੱਕ ਭਗਵਾਨ ਰਿਸ਼ਭ ਦੇਵ ਦਾ ਸੁੰਦਰ ਵਰਨਣ ਮਿਲਦਾ ਹੈ।

2. ਕੁੱਝ ਪੁਰਾਤਨ ਚਰਿੱਤਰਾਂ ਵਿੱਚ ਨਾਗ ਅਤੇ ਨਾਗਨ ਦਾ ਜੋੜਾ ਦੱਸਿਆ ਜਾਂਦਾ ਹੈ। ਜੋ ਸਵਰਗ ਵਿੱਚ ਪੈਦਾ ਹੋ ਕੇ ਧਰਨੇਦਰ - ਪਦਮਾਵਤੀ ਬਣੇ ਅਤੇ ਇਨ੍ਹਾਂ ਨੇ ਭਗਵਾਨ ਪਾਰਸ਼ਵ ਨਾਥ ਦੀ ਬਹੁਤ ਸੇਵਾ ਕੀਤੀ। ਅਜ ਵੀ ਇਹ ਪਾਰਸ਼ਵ ਨਾਥ ਦੇ ਭਗਤਾਂ ਦੀ ਸਹਾਇਤਾ ਕਰਦੇ ਹਨ।

# ਭਗਵਾਨ ਮਹਾਵੀਰ ਤੋਂ ਬਾਅਦ ਦੀ ਜੈਨ ਪ੍ਰੰਪਰਾ

## • ਆਰਿਆ ਸੁਧਰਮਾ ਸਵਾਮੀ:

ਭਗਵਾਨ ਮਹਾਵੀਰ ਦੇ ਨਿਰਵਾਨ ਤੋਂ ਬਾਅਦ ਪੰਜਵੇਂ ਗਨਧਰ ਸੁਧਰਮਾ ਸਵਾਮੀ ਉਨ੍ਹਾਂ ਦੇ ਵਾਰਸ ਬਣੇ। ਆਰਿਆ ਸੁਧਰਮਾ ਦਾ ਜਨਮ ਇਕ ਬ੍ਰਾਹਮਣ ਪਰਿਵਾਰ ਵਿੱਚ ਹੋਇਆ ਸੀ। ਉਹ ਅਪਣੇ ਸਮੇਂ ਦੇ ਪ੍ਰਸ਼ਿਧ ਕਰਮਕਾਂਡੀ ਵਿਦਵਾਨ ਸਨ। ਪਰ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣਕੇ ਹੀ ਉਨ੍ਹਾਂ ਦਾ ਦਿਲ ਬਦਲ ਗਿਆ ਅਤੇ ਉਹ ਵੀ ਇੰਦਰ ਭੂਤੀ ਗੋਤਮ ਆਦਿ ਦੇ ਨਾਲ ਭਗਵਾਨ ਮਹਾਵੀਰ ਦੇ ਚੇਲੇ ਬਣ ਗਏ।

ਗਨਧਰ ਸੁਧਰਮਾ ਦੀ ਸ਼ਖਸੀਅਤ ਬਹੁਤ ਪ੍ਰਭਾਵਸ਼ਾਲੀ ਸੀ। ਮਹਾਵੀਰ ਦੀ ਮੋਜੂਦਗੀ ਵਿੱਚ ਹੀ ਉਹਨਾਂ ਦੇ ਮੋਢੇ ਤੇ ਗਣ ਨਾਇਕ ਦਾ ਫਰਜ ਵੀ ਸੀ। ਨਿਰਵਾਨ ਤੋਂ ਬਾਅਦ ਕੱਤਕ ਸ਼ੁਕਲਾ 1 ਨੂੰ ਸਾਰੇ ਸ਼੍ਰਮਣ ਸੰਘ ਨੇ ਮਿਲਕੇ, ਉਨ੍ਹਾ ਨੂੰ ਭਗਵਾਨ ਮਹਾਵੀਰ ਦਾ ਵਾਰਸ ਚੁਨਿਆ। ਆਰਿਆ ਸੁਧਰਮਾ ਨੇ ਭਗਵਾਨ ਮਹਾਵੀਰ ਦੇ ਉਪਦੇਸ਼ਾਂ ਨੂੰ ਤਰਤੀਬ ਰੂਪ ਦਿੱਤਾ। ਜਿਸ ਨੂੰ ਦੁਵਾਦਸ਼ ਜਾਂ ਗਣੀ ਪਿਟਕ ਕਿਹਾ ਜਾਂਦਾ ਹੈ। ਅੱਜ ਪ੍ਰਾਪਤ ਗਿਆਰਾਂ ਅੰਗ ਸ਼ਾਸਤਰ ਗਨਧਰ ਸੁਧਰਮਾਂ ਦੀ ਹੀ ਦੇਣ ਹਨ। ਉਨ੍ਹਾਂ ਨੇ ਜੋ ਭਗਵਾਨ ਮਹਾਵੀਰ ਦੀ ਬਾਣੀ ਨੂੰ ਸੁਣਿਆ ਹੈ ਉਹੀ ਸੁਣਿਆ ਹੋਇਆ ਸ਼ਰੁਤ ਗਿਆਨ ਆਪਣੇ ਚੇਲੇ ਆਰੀਆ ਜੰਬੂ ਸਵਾਮੀ ਆਦ ਨੂੰ ਦਿੱਤਾ ਅਤੇ ਇਹ ਵੀ ਅੱਜ ਆਗਮ ਜਾਂ ਜੈਨ ਸੁਤਰ ਦੇ ਰੂਪ ਵਿੱਚ ਪ੍ਰਸ਼ਿੱਧ ਹੈ। ਅਚਾਰਿਆ ਸੁਧਰਮਾ ਦੇ ਸਮੇਂ ਮੱਗਧ ਵਿੱਚ ਸ਼੍ਰੇਣਿਕ ਬਿੰਬਸਾਰ ਦਾ ਪੁੱਤਰ ਅਜਾਤ ਸ਼ਤਰੂ ਕੋਣਿਕ ਦਾ ਅਤੇ ਅਵੰਤੀ ਵਿੱਚ ਚੰਡਪ੍ਰਦੋਤ ਦੇ ਪੁੱਤਰ ਪਾਲਕ ਦਾ ਰਾਜ ਸੀ। ਇਹ ਦੋਹੇਂ ਸੁਧਰਮਾਂ ਸਵਾਮੀ ਦੇ ਉਪਾਸ਼ਕ ਸਨ। ਚੰਡਪ੍ਰਦੋਤ ਦੇ ਪੁੱਤਰ ਗੋਪਾਲਕ ਨੇ ਸੁਧਰਮਾਂ ਸਵਾਮੀ ਤੋਂ ਦਿੱਖਿਆ ਪ੍ਰਾਪਤ ਕੀਤੀ। ਸੁਧਰਮਾ ਸਵਾਮੀ ਭਗਵਾਨ ਮਹਾਵੀਰ ਤੋਂ ਅੱਠ ਸਾਲ ਵੱਡੇ ਸਨ। ਭਗਵਾਨ ਮਹਾਵੀਰ ਦੇ ਨਿਰਵਾਨ ਦੇ 12 ਸਾਲ ਬਾਅਦ ਉਨ੍ਹਾਂ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ ਅਤੇ ਅੱਠ ਸਾਲ ਬਾਅਦ ਵੀਰ ਨਿਰਵਾਨ ਸੰਮਤ 20 ਵਿੱਚ

ਵੇਭਾਰਗਿਰੀ (ਰਾਜਗਿਰ, ਬਿਹਾਰ) ਪਰਬਤ 'ਤੇ ਉਨ੍ਹਾਂ ਨੇ ਵਰਤ ਨਾਲ ਮੋਕਸ਼ ਪ੍ਰਾਪਤ ਕੀਤਾ।

ਅੱਜ ਸਾਰੇ ਸ਼੍ਰਮਣ ਆਰਿਆ ਸੁਧਰਮਾ ਸਵਾਮੀ ਦੇ ਪਰਿਵਾਰ ਰੂਪੀ ਕਲਪ ਦਰੱਖਤ ਦੀਆਂ ਸ਼ਾਖਾਵਾਂ ਹਨ।

- **ਅੰਤਮ ਕੇਵਲੀ ਆਰਿਆ ਜੰਬੂ ਸਵਾਮੀ:**

ਆਰਿਆ ਸੁਧਰਮਾ ਸਵਾਮੀ ਦੇ ਨਿਰਵਾਨ ਤੋਂ ਬਾਅਦ ਆਰਿਆ ਜੰਬੂ ਸਵਾਮੀ ਉਨ੍ਹਾ ਦੇ ਵਾਰਸ ਬਣੇ।

ਜੰਬੂ ਕੁਮਾਰ ਰਾਜਗ੍ਰਹਿ ਨਗਰ ਦੇ ਮਹਾਨ ਸੇਠ ਰਿਸ਼ਭਦੱਤ ਦੇ ਇਕਲੋਤੇ ਸਪੁੱਤਰ ਸਨ। 16 ਸਾਲ ਦੀ ਉੱਮਰ ਵਿੱਚ ਮਾਤਾ ਪਿਤਾ ਦੇ ਜ਼ਿਆਦਾ ਜੋਰ ਕਾਰਨ ਅੱਠ ਸੁੰਦਰ ਕੰਨਿਆਵਾਂ ਨਾਲ ਇਨ੍ਹਾਂ ਦਾ ਵਿਆਹ ਤਾਂ ਹੋ ਗਿਆ। ਪਰ ਇਸ ਸ਼ਰਤ ਦੇ ਨਾਲ ਕਿ ਵਿਆਹ ਹੋਣ ਦੇ ਅਗਲੇ ਦਿਨ ਹੀ ਮੈਂ ਦੀਖਿਆ ਗ੍ਰਹਿਣ ਕਰ ਲਵਾਂਗਾ। ਵਿਆਹ ਵਿੱਚ ਪ੍ਰਾਪਤ 99 ਕਰੋੜ ਸੋਨੇ ਦੀਆਂ ਮੋਹਰਾਂ ਦਾ ਧਨ ਅਤੇ ਹੋਰ ਸਮਾਨ ਘਰ ਵਿੱਚ ਖਿੰਡੀਆ ਪਿਆ ਸੀ। ਰਾਤ ਸਮੇਂ ਉਹ ਅੱਠ ਪਤਨੀਆਂ ਨੂੰ ਆਪਣੇ ਵੈਰਾਗ ਭਰੇ ਜੀਵਨ ਲਈ ਪ੍ਰੇਰਤ ਕਰ ਰਹੇ ਸਨ। ਉਸੇ ਸਮੇਂ ਪ੍ਰਭਵ ਨਾਉ ਦਾ ਚੋਰ ਅਪਣੇ 500 ਚੋਰ ਸਾਥੀਆਂ ਨਾਲ ਚੋਰੀ ਕਰਨ ਲਈ ਆਇਆ, ਜੰਬੂ ਅਤੇ ਪਤਨੀਆਂ ਵਿੱਚਕਾਰ ਹੁੰਦੀ ਵੈਰਾਗ ਉਪਦੇਸ਼ ਨੂੰ ਗੁਪਤ ਰੂਪ ਵਿੱਚ ਸੁਣਕੇ ਪ੍ਰਭਵ ਨੂੰ ਅਪਣੇ ਪਾਪੀ ਜੀਵਨ ਤੋਂ ਘਿਰਣਾ ਹੋ ਗਈ। ਉਹ ਵੀ ਅਪਣੇ ਸਾਥੀਆਂ ਸਮੇਤ ਜੰਬੂ ਕੁਮਾਰ ਦਾ ਅਨੁਯਾਈ ਬਣ ਗਿਆ। ਇਸ ਪ੍ਰਕਾਰ ਅੱਠ ਪਤਨੀਆਂ ਉਹਨਾਂ ਦੇ ਮਾਤਾ ਪਿਤਾ, ਜੰਬੂ ਕੁਮਾਰ ਦੇ ਮਾਤਾ ਪਿਤਾ, ਇਸ ਪ੍ਰਕਾਰ ਕੁੱਲ 527 ਲੋਕਾਂ ਨੇ ਇੱਕੋ ਸਮੇਂ ਸੁਧਰਮਾਂ ਸਵਾਮੀ ਤੋਂ ਦੀਖਿਆ ਗ੍ਰਹਿਣ ਕੀਤੀ। ਇਸ ਦਿੱਖਿਆ ਸਮਾਰੋਹ ਵਿੱਚ ਅਜਾਤ ਸ਼ਤਰੂ ਕੋਣਿਕ ਵੀ ਅਪਣੇ ਰਾਜਸੀ ਸ਼ਾਨ ਸ਼ੋਕਤ ਨਾਲ ਹਾਜ਼ਰ ਹੋਇਆ।

ਸ਼੍ਰੀ ਜੰਬੂ ਸਵਾਮੀ ਦਾ ਵੈਰਾਗ ਜੈਨ ਇਤਿਹਾਸ ਵਿੱਚ ਇਕ ਮਹੱਤਵਪੂਰਨ ਘਟਨਾ ਹੈ। 36 ਸਾਲ ਦੀ ਉਮਰ ਵਿੱਚ ਉਹ ਸੁਧਰਮਾ ਸਵਾਮੀ ਦੇ ਵਾਰਸ ਅਤੇ ਅਚਾਰਿਆ ਬਣੇ ਅਤੇ 80 ਸਾਲ ਦੀ ਉਮਰ ਵਿੱਚ ਵੀਰਨਿਰਵਾਨ ਸੰਮਤ 64

(ਵਿਕਰਮ ਸੰਮਤ ਪੂਰਬ 406) ਵਿੱਚ ਮੋਕਸ਼ ਪ੍ਰਾਪਤ ਕੀਤਾ। ਆਰਿਆ ਜੰਬੂ ਇਸ ਯੁਗ ਦੇ ਅੰਤਮ ਕੇਵਲੀ ਸਨ ਅਤੇ ਉਨ੍ਹਾਂ ਦੇ ਸਮੇਂ ਸਾਰੇ ਨਿਰਗ੍ਰੰਥ ਸੰਪਰਦਾਏ ਵਿੱਚ ਕਿਸੇ ਪ੍ਰਕਾਰ ਦਾ ਵੀ ਮੱਤਭੇਦ ਨਹੀਂ ਸੀ।

ਆਰਿਆ ਜੰਬੂ ਸਵਾਮੀ ਦੇ ਨਿਰਵਾਨ ਤੋਂ ਬਾਅਦ ਪ੍ਰਭਵ ਸਵਾਮੀ ਉਨ੍ਹਾ ਦੇ ਵਾਰਸ ਬਣੇ। ਪ੍ਰਭਵ ਇਕ ਖੱਤਰੀ ਪੁੱਤਰ ਸਨ, ਪਰ ਕਿਸੇ ਕਾਰਨ ਵੱਸ ਵਿਦਰੋਹੀ ਬਣਕੇ ਚੋਰੀ ਕਰਨ ਲੱਗ ਪਏ। ਸ਼੍ਰੀ ਜੰਬੂ ਸਵਾਮੀ ਦਾ ਵਾਰਤਾਲਾਪ ਨੇ ਉਨ੍ਹਾ ਦੇ ਹਿਰਦੇ ਨੂੰ ਜਾਗਰਤ ਕੀਤਾ। ਵੀਰਨਿਵਾਨ ਸੰਮਤ 1 ਵਿੱਚ ਉਨ੍ਹਾਂ ਦਾ ਆਰਿਆ ਸੁਧਰਮਾ ਸਵਾਮੀ ਤੋਂ ਦੀਖਿਆ ਲਈ 64 ਸਾਲ ਬਾਅਦ ਸੰਘ ਦੇ ਅਚਾਰਿਆ ਬਣੇ, ਅਤੇ ਵੀਰਨਿਰਵਾਨ 75 (ਵਿਕਰਮ ਸੰਮਤ ਪੂਰਬ 395) ਵਿੱਚ 105 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਨਿਰਵਾਨ ਹੋ ਗਿਆ।

ਅਚਾਰਿਆ ਪ੍ਰਭਵ ਪਹਿਲੇ 14 ਪੂਰਵਾਂ ਦੇ ਅਚਾਰਿਆ ਸਨ। ਇਹਨਾਂ ਦੇ ਸਮੇਂ ਵਿੱਚ ਮੱਗਧ ਦੇ ਸਿੰਘਾਸਨ ਤੇ ਨੰਦ ਵੰਸ ਪ੍ਰਗਟ ਹੋ ਚੁੱਕਾ ਸੀ, ਨੰਦ ਵੰਸ ਵੀ ਜੈਨ ਧਰਮ ਦਾ ਅਨੁਯਾਈ ਸੀ। ਇਸ ਦੇ ਇਤਿਹਾਸਕ ਪ੍ਰਮਾਣ ਮਿਲਦੇ ਹਨ। ਕਲਿੰਗ ਚੱਕਰਵਰਤੀ ਮਹਾਰਾਜਾ ਖਾਰਵੇਲ ਦੇ ਸ਼ਿਲਾਲੇਖ ਤੋਂ ਪਤਾ ਚੱਲਦਾ ਹੈ ਕਿ ਮਹਾਰਾਜ ਨੰਦ ਨੇ ਅਪਣੇ ਰਾਜਕਾਲ ਵਿੱਚ ਕਲਿੰਗ ਦੇਸ਼ ਤੇ ਹਮਲਾ ਕੀਤਾ ਸੀ। ਉੱਥੇ ਕਲਿੰਗ ਦੇ ਰਾਜ ਘਰਾਣੇ ਵਿੱਚ ਭਗਵਾਨ ਰਿਸ਼ਵ ਦੇਵ ਦੀ ਬਹੁਤ ਕੀਮਤੀ ਪੁਰਾਤਨ ਮੂਰਤੀ ਜਿਸ ਨੂੰ ਮਹਾਰਾਜਾ ਨੰਦ ਅਪਣੇ ਨਾਲ ਲੈ ਆਇਆ। ਇਸ ਤੋਂ 300 ਸਾਲ ਬਾਅਦ ਕਲਿੰਗ ਦੇ ਰਾਜੇ ਖਾਰਵੇਲ ਨੇ ਮੱਗਧ ‘ਤੇ ਹਮਲਾ ਕਰ ਦਿੱਤਾ, ਤੱਦ ਉੱਥੇ ਪੁਸ਼ਯ ਮਿੱਤਰ ਦਾ ਰਾਜ ਸੀ, ਪੁਸ਼ਯ ਮਿੱਤਰ ਨੇ ਇਹ ਮੂਰਤੀ ਵਾਪਸ ਕਰਕੇ ਸ਼ਮਰਾਟ ਖਾਰਵੇਲ ਨੂੰ ਖੁਸ਼ ਕੀਤਾ। ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਨੰਦ ਵੰਸ਼ ਜੈਨ ਧਰਮ ਦਾ ਅਨੁਯਾਈ ਸੀ ਅਤੇ ਉੱਥੇ ਭਗਵਾਨ ਰਿਸ਼ਭ ਦੇਵ ਦੀ ਪੁੱਜਾ ਕੀਤੀ ਜਾਂਦੀ ਸੀ, ਨੰਦ ਦਾ ਮੰਤਰੀ ਰਾਕਸ਼ਸ਼ ਵੀ ਜੈਨ ਸੀ। ਉਸ ਦਾ ਵਰਨਣ ਮੁਦਰਾਕਸ਼ ਦੇ ਪ੍ਰਸ਼ਿੱਧ ਨਾਟਕ ਵਿੱਚ ਵੀ ਮਿਲਦਾ ਹੈ।

- **ਅਚਾਰਿਆ ਭੱਦਰਬਾਹੂ:**

ਭਗਵਾਨ ਮਹਾਵੀਰ ਦੇ ਧਰਮ ਸ਼ਾਸਨ ਵਿੱਚ ਸ਼ਰੁਤਧਰ (ਸ਼ਾਸਤਰਾਂ ਨੂੰ ਜੁਵਾਨੀ ਯਾਦ ਕਰਨ ਦੀ) ਪ੍ਰੰਪਰਾ ਵਿੱਚ ਅਚਾਰਿਆ ਭੱਦਰਬਾਹੂ ਦਾ ਨਾਮ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ। ਉਹ ਅਚਾਰਿਆ ਯਸ਼ੋਭੱਦਰ ਦੇ ਚੇਲੇ ਸਨ, ਅਚਾਰਿਆ ਭੱਦਰਬਾਹੂ ਤੋਂ ਪਹਿਲਾਂ ਹੀ ਜੈਨ ਪ੍ਰੰਪਰਾ ਵਿੱਚ ਦਿਗੰਬਰ ਸਵੈਤਾਂਬਰ ਮਤ ਭੇਦ ਪੈਦਾ ਹੋ ਚੁੱਕਾ ਸੀ। ਭੱਦਰਬਾਹੂ ਆਗਮਾਂ ਦੇ ਡੂੰਘੇ ਜਾਣਕਾਰ ਸਨ ਨਾਲ ਹੀ ਯੋਗ ਵਿਦਿਆ ਦੇ ਡੂੰਘੇ ਅਭਿਆਸੀ ਸਨ। ਉਨ੍ਹਾਂ ਦੀ ਸ਼ਖਸਿਅਤ ਬਹੁਤ ਪ੍ਰਭਾਵਸ਼ਾਲੀ ਸੀ ਇਹੋ ਕਾਰਨ ਹੈ ਕਿ ਮਤਭੇਦ ਹੋਣ ਦੇ ਬਾਵਜੂਦ ਵੀ ਦਿਗੰਬਰ ਜੈਨ ਪ੍ਰੰਪਰਾ ਵਿੱਚ ਉਨ੍ਹਾਂ ਦਾ ਮਹੱਤਵਪੂਰਨ ਸਥਾਨ ਹੈ।

ਅਚਾਰਿਆ ਭੱਦਰਬਾਹੂ ਨੇਪਾਲ ਦੇ ਤਰਾਈ ਖੇਤਰ ਵਿੱਚ ਮਹਾਪ੍ਰਾਣ ਧਿਆਨ ਸਾਧਨਾ ਕਰ ਰਹੇ ਸਨ। ਉਸ ਸਮੇਂ ਮੱਗਧ ਆਦਿ ਪੂਰਬੀ ਖੇਤਰਾਂ ਵਿੱਚ ਭਿੰਅਕਰ ਅਕਾਲ ਪੈ ਗਿਆ ਸੀ। ਸਾਧੂਆਂ ਨੂੰ ਭੋਜਨ ਮਿਲਣਾ ਮੁਸ਼ਕਲ ਹੋ ਗਿਆ, ਅਨੇਕ ਸ਼ਰੁਤਧਰ ਅਚਾਰਿਆ ਅਕਾਲ ਚਲਾਣਾ ਕਰ ਗਏ। ਤੱਦ ਸ਼੍ਰਮਣ ਸੰਘ ਦੀ ਬੇਨਤੀ ‘ਤੇ ਉਨ੍ਹਾਂ ਅਚਾਰਿਆ ਸਥੂਲੀਭੱਦਰ ਨੂੰ 14 ਪੂਰਬਾਂ ਦਾ ਗਿਆਨ ਪ੍ਰਦਾਨ ਕੀਤਾ।

ਕੁੱਝ ਵਿਦਵਾਨਾਂ ਦਾ ਮੱਤ ਹੈ ਕਿ ਮੋਰੀਆ ਸਮ੍ਰਾਟ ਚੰਦਰਗੁਪਤ ਮੋਰੀਆ ਵੀ ਜੈਨੀ ਸੀ ਅਤੇ ਉਹ ਅਚਾਰਿਆ ਭੱਦਰਬਾਹੂ ਦਾ ਚੇਲਾ ਸੀ। ਉਸ ਨੇ ਜੀਵਨ ਦੇ ਅੰਤਮ ਸਮੇਂ ਅਚਾਰਿਆ ਭੱਦਰਬਾਹੂ ਤੋਂ ਸਾਧੂ ਦੀਖਿਆ ਗ੍ਰਹਿਣ ਕੀਤੀ। ਭਾਵੇਂ ਇਸ ਬਾਰੇ ਕਾਲ ਮਤਭੇਦ ਹੈ, ਪਰ ਇਨ੍ਹਾ ਸਪਸ਼ਟ ਹੈ ਕਿ ਮੋਰੀਆ ਸਮ੍ਰਾਟ ਚੰਦਰ ਗੁਪਤ ਅਤੇ ਉਸ ਦਾ ਮੰਤਰੀ ਚਾਣਕੱਯ ਜੈਨ ਧਰਮ ਦੇ ਅਨੁਯਾਈ ਸਨ।

ਅਚਾਰਿਆ ਭੱਦਰਬਾਹੂ ਨੇ 12 ਸਾਲ ਤੱਕ ਨੇਪਾਲ ਵਿੱਚ ਰਹਿਕੇ ਮਹਾਪ੍ਰਾਣ ਧਿਆਨ ਦੀ ਸਾਧਨਾ ਕੀਤੀ। ਵਿਕਰਮ ਸੰਮਤ ਪੂਰਬ 300 ਵਿੱਚ ਉਨ੍ਹਾਂ ਦਾ ਸਵਰਗਵਾਸ ਹੋ ਗਿਆ। ਉਹ ਆਖਰੀ 14 ਪੂਰਬਾਂ ਦੇ ਜਾਣਕਾਰ ਅਚਾਰਿਆ ਸਨ।

- **ਮਹਾਯੋਗੀ ਅਚਾਰਿਆ ਸਥੂਲੀਭੱਦਰ:**

ਅਚਾਰਿਆ ਸਥੂਲੀਭੱਦਰ ਇਕ ਮਹਾਯੋਗੀ ਦੇ ਰੂਪ ਵਿੱਚ ਪ੍ਰਸ਼ਿੱਧ ਹਨ। ਉਨ੍ਹਾਂ ਦੀ ਮਹਿਮਾ ਇਕ ਪ੍ਰਾਚੀਨ ਸਲੋਕ ਵਿੱਚ ਲਿਖੀ ਗਈ ਹੈ ਜਿਸ ਵਿੱਚ ਉਨ੍ਹਾਂ ਨੂੰ ਭਗਵਾਨ ਮਹਾਵੀਰ ਅਤੇ ਗਨਧਰ ਗੋਤਮ ਤੋਂ ਬਾਅਦ, ਮੰਗਲ ਆਖਿਆ ਗਿਆ ਹੈ। ਨੰਦ ਵੰਸੀ ਰਾਜ ਪਰਿਵਾਰ ਦੀ ਰਾਜਧਾਨੀ ਪਾਟਲੀਪੁਤਰ ਸੀ, ਨੰਦ ਸਾਮਰਾਜ ਬਹੁਤ ਵਿਸ਼ਵਾਸ ਪਾਤਰ ਮਹਾਮੰਤਰੀ ਸਨ, ਸ਼ਕਡਾਲ। ਇਹ ਬ੍ਰਾਹਮਣ ਸਨ, ਫੇਰ ਵੀ ਜੈਨ ਧਰਮ ਦੇ ਪੱਕੇ ਅਨੁਯਾਈ ਸਨ। ਸ਼ਕਡਾਲ ਦੇ ਦੋ ਪੁੱਤਰ ਅਤੇ 7 ਪੁੱਤਰੀਆਂ ਸਨ। ਸਥੂਲੀਭੱਦਰ ਸਭ ਤੋਂ ਵੱਡਾ ਪੁੱਤਰ ਸੀ। ਨੰਦ ਰਾਜ ਵਿੱਚ ਰਾਜਨਿਤੀਕ ਸਾਜਿਸ਼ ਦਾ ਸ਼ਿਕਾਰ ਹੋਏ, ਸ਼ਕਡਾਲ ਦੀ ਸਮੇਂ ਤੋਂ ਪਹਿਲਾ ਹੋਈ ਮੌਤ ਦੇ ਕਾਰਨ ਸਥੂਲੀਭੱਦਰ ਜਿਹਾ ਕਾਮੀ ਨੋਜਵਾਨ ਅਚਾਨਕ ਹੀ ਸੰਸਾਰ ਤੋਂ ਵਿਰਕਤ ਹੋ ਕੇ ਅਚਾਰਿਆ ਸੰਭੂਤਵਿਜੇ ਦਾ ਚੇਲਾ ਬਣਿਆ। ਕਠੋਰ ਸੰਜਮੀ, ਧਿਆਨ ਸਾਧਨਾ ਅਤੇ ਕਾਮ ਜੇਤੂ ਦੇ ਰੂਪ ਵਿੱਚ ਸਾਰੇ ਜੈਨ ਸੰਘ ਵਿੱਚ ਉਨ੍ਹਾਂ ਦੀ ਪ੍ਰਸ਼ਿਧੀ ਸੀ। ਅਚਾਰਿਆ ਭੱਦਰਬਾਹੂ ਤੋਂ ਉਨ੍ਹਾ ਦਸ ਪੂਰਬਾਂ ਦਾ ਗਿਆਨ ਪ੍ਰਾਪਤ ਕਰਨ ਤੋਂ ਬਾਅਦ, ਭੈਣਾ ਨੂੰ ਚਮਤਕਾਰ ਵਿਖਾਉਣ ਦੇ ਲਈ ਉਨ੍ਹਾ ਇਕ ਵਾਰ ਸ਼ੇਰ ਦਾ ਰੂਪ ਧਾਰਨ ਕਰ ਲਿਆ। ਇਸ ਘਟਨਾ ਤੋਂ ਅਚਾਰਿਆ ਭੱਦਰਬਾਹੂ ਨੇ ਆਪ ਨੂੰ ਗਿਆਨ ਦੇਣ ਦੇ ਅਯੋਗ ਸਮਝ ਕੇ ਬਾਕੀ ਦੇ ਚਾਰ ਪੂਰਬਾਂ ਦਾ ਗਿਆਨ ਨਾ ਦਿੱਤਾ। ਪਰ ਜੈਨ ਸੰਘ ਦੀ ਬੇਨਤੀ ਤੇ ਕੇਵਲ ਸ਼ਬਦ ਗਿਆਨ ਦਿੱਤਾ, ਪਰ ਅਰਥ ਗਿਆਨ ਨਹੀਂ ਦਿੱਤਾ। ਇਸ ਕਾਰਨ ਅਚਾਰਿਆ ਸਥੂਲੀਭੱਦਰ ਕੇਵਲ 10 ਪੂਰਬ ਦੇ ਜਾਣਕਾਰ ਰਹੇ। ਵਿਕਰਮ ਸੰਮਤ ਤੋਂ ਪਹਿਲਾਂ 255 ਵੀਰਨਿਰਵਾਨ ਸੰਮਤ 215 ਵਿੱਚ ਉਨ੍ਹਾ ਦਾ ਸਵਰਗਵਾਸ ਹੋ ਗਿਆ।

ਅਚਾਰਿਆ ਸਥੂਲੀਭੱਦਰ ਦੇ ਦੋ ਪ੍ਰਭਾਵਸ਼ਾਲੀ ਚੇਲੇ ਸਨ। ਆਰਿਆ ਮਹਾਗਿਰੀ ਅਤੇ ਆਰਿਆ ਸੁਹੱਸਤੀ। ਮੋਰੀਆ ਸਮਰਾਟ ਚੰਦਰ ਗੁਪਤ ਦਾ ਪੋਤਾ ਅਸ਼ੋਕ ਪਹਿਲਾਂ ਅਪਣੇ ਕੁਲ ਧਰਮ ਜੈਨ ਧਰਮ ਦਾ ਅਨੁਯਾਈ ਸੀ ਪਰ ਕੁਝ ਕਾਰਨਾਂ ਕਰਕੇ ਉਹ ਬੁੱਧ ਧਰਮ ਦਾ ਅਨੁਯਾਈ ਬਣ ਗਿਆ। ਵਿਦਵਾਨਾਂ

ਦਾ ਕਥਨ ਹੈ ਕਿ ਉਸ ਦਾ ਦੇਵਾਨੁਪ੍ਰਿਆ ਵਿਸ਼ੇਸਨ ਜੈਨ ਪ੍ਰੰਪਰਾ ਨਾਲ ਉਸਦੇ ਸਿਧੇ ਸੰਬਧ ਦੀ ਸੂਚਨਾ ਦਿੰਦਾ ਹੈ।

- **ਰਾਜਾ ਸੰਪ੍ਰਤੀ:**

ਸਮਰਾਟ ਅਸ਼ੋਕ ਦਾ ਪੋਤਾ ਅਤੇ ਕੁਨਾਲ ਦਾ ਪੁੱਤਰ ਸੀ; ਸੰਪ੍ਰਤੀ। ਸੰਪ੍ਰਤੀ ਅਪਣੇ ਪਿਛਲੇ ਜਨਮ ਦੇ ਸੰਸਕਾਰਾਂ ਦੇ ਕਾਰਨ ਅਚਾਰਿਆ ਸੁਹੱਸਤੀ ਦਾ ਭਗਤ ਬਣ ਗਿਆ ਅਤੇ ਉਸ ਨੇ ਜੈਨ ਧਰਮ ਦੇ ਪ੍ਰਚਾਰ ਵਿੱਚ ਅਪਣਾ ਮਹੱਤਵਪੂਰਨ ਯੋਗਦਾਨ ਦਿੱਤਾ। ਬੁੱਧ ਧਰਮ ਦੇ ਪ੍ਰਚਾਰ ਵਿੱਚ ਜੋ ਯੋਗਦਾਨ ਰਾਜਾ ਅਸ਼ੋਕ ਦਾ ਰਿਹਾ, ਉਸੇ ਪ੍ਰਕਾਰ ਦਾ ਯੋਗਦਾਨ ਸੰਪ੍ਰਤੀ ਦਾ ਜੈਨ ਧਰਮ ਦੇ ਪ੍ਰਚਾਰ ਪ੍ਰਸਾਰ ਵਿੱਚ ਰਿਹਾ। ਉਸ ਨੇ ਉੱਤਰ ਪੱਛਮ ਦੇ ਅਨਾਰਿਆ ਦੇਸ਼ਾ ਵਿੱਚ ਜਿੱਥੇ ਜੈਨ ਸਾਧੂ ਨਹੀਂ ਜਾ ਸਕਦੇ ਸਨ। ਉੱਥੇ ਧਰਮ ਪ੍ਰਚਾਰਕ ਭੇਜੇ ਅਨੇਕਾਂ ਸ਼ਿਲਾਲੇਖ ਖੁਦਵਾਏ, ਅਨੇਕਾਂ ਵਿਹਾਰ (ਸਾਧੂਆਂ ਦੇ ਰਹਿਣ ਦੇ ਠਿਕਾਨੇ) ਅਤੇ ਜੈਨ ਮੰਦਿਰਾਂ ਦੀ ਸਥਾਪਨਾ ਕੀਤੀ। ਭਗਵਾਨ ਮਹਾਵੀਰ ਤੋਂ ਅਚਾਰਿਆ ਸੁਹੱਸਤੀ ਤੱਕ ਅਤੇ ਰਾਜਾ ਸ਼੍ਰੇਨਿਕ ਤੋਂ ਸੰਪ੍ਰਤੀ ਤੱਕ 400 ਸਾਲ ਦੇ ਸਮੇਂ ਵਿੱਚ ਜੈਨ ਧਰਮ ਰਾਜਸੀ ਧਰਮ ਦੇ ਰੂਪ ਵਿੱਚ ਸਥਾਪਤ ਹੋ ਗਿਆ।

ਮੋਰੀਆ ਸਾਮਰਾਜ ਦੇ ਅੰਤਮ ਕਾਲ ਸਮੇਂ ਉਸਦੇ ਆਖਰੀ ਰਾਜਾ ਬ੍ਰਹਦਰੱਥ ਦਾ ਬ੍ਰਾਹਮਣ ਸੇਨਾਪਤੀ ਪੁਸਪਮਿੱਤਰ ਸੀ। ਉਸ ਵਿੱਚ ਧਾਰਮਿਕ ਕੱਟਰਤਾ ਹੀ ਉਸ ਦੇ ਦਵੇਸ ਦੇ ਰੂਪ ਵਿੱਚ ਬਦਲ ਗਈ। ਉਸ ਨੇ ਜੈਨੀਆਂ ਅਤੇ ਬੋਧੀਆਂ ਤੇ ਭਿੰਅਕਰ ਅਤਿਆਚਾਰ ਕੀਤੇ। ਹੋਲੀ ਹੋਲੀ ਬੁੱਧ ਧਰਮ ਤਾਂ ਹਿੰਦੁਸਤਾਨ ਤੋਂ ਸਮਾਪਤ ਹੋ ਗਿਆ ਅਤੇ ਜੈਨ ਧਰਮ ਦਾ ਪ੍ਰਭਾਵ ਪੂਰੀ ਭਾਰਤ ਤੋਂ ਸਿਮਟ ਕੇ ਦੱਖਣ, ਪੱਛਮੀ ਭਾਰਤ ਵੱਲ ਰਹਿ ਗਿਆ।

ਵੀਰਨਿਰਵਾਨ ਸੰਮਤ 245 ਦੇ ਆਸ ਪਾਸ ਅਚਾਰਿਆ ਬਲਿਸੱਹ ਭਗਵਾਨ ਮਹਾਵੀਰ ਦੇ ਵਾਰਸ ਦੇ ਰੂਪ ਵਿੱਚ ਪ੍ਰਸ਼ਿਧ ਹੋਏ। ਉਨ੍ਹਾ ਦੇ ਸਮੇਂ ਕਲਿੰਗ ਵਿੱਚ ਮਹਾਮੇਘਵਾਹਨ ਰਾਜਾ ਖਾਰਵੇਲ ਹੋਇਆ। ਉਹ ਜੈਨ ਧਰਮ ਅਨੁਯਾਈ ਸੀ ਉਸ ਨੇ ਕੁਮਾਰਗਿਰੀ ਪਰਬਤ ਵਰਤਮਾਨ ਵਿੱਚ ਖੰਡ ਗਿਰੀ ਉਦੇਗਿਰੀ ਉੜੀਸਾ ਉੱਪਰ ਇਕ ਸਾਧੂ ਸੰਮੇਲਨ ਬੁਲਾਇਆ। ਜਿਸ ਵਿੱਚ ਅਚਾਰਿਆ ਸੁਹੱਸਤੀ ਦੇ ਚੇਲੇ ਆਰੀਆ ਸੁਸਿਥਤ ਸੁਪ੍ਰਤਿਬੁਧ ਆਦਿ ਵੀ ਸ਼ਾਮਲ ਹੋਏ।

* **ਅਚਾਰਿਆ ਕਾਲਕ:**

ਭਗਵਾਨ ਮਹਾਵੀਰ ਦੇ ਨਿਰਵਾਨ ਤੋਂ ਲੱਗਭਗ 450 - 460 ਸਾਲ ਦੇ ਵਿੱਚਕਾਰ ਮਹਾਨ ਪ੍ਰਭਾਵਸ਼ਾਲੀ ਅਚਾਰਿਆ ਕਾਲਕ ਹੋਏ। ਕਾਲਕ ਇਕ ਰਾਜਕੁਮਾਰ ਸਨ ਉਨ੍ਹਾ ਦੀ ਭੈਣ ਸੀ ਬਹੁਤ ਸੁੰਦਰ ਰਾਜਕੁਮਾਰੀ ਸਰਸਵਤੀ। ਦੋਹਾਂ ਨੇ ਹੀ ਜੈਨ ਅਚਾਰਿਆ ਗੁਣਾਕਰ ਸੂਰੀ ਦਾ ਉਪਦੇਸ਼ ਸੁਣ ਕੇ ਦੀਖਿਆ ਗ੍ਰਹਿਣ ਕਰ ਲਈ। ਉਜੈਨੀ ਦੇ ਰਾਜਾ ਗਰਧਭਿੱਲ ਨੇ ਸਾਧਵੀ ਸਰਸਵਤੀ ਦੇ ਰੂਪ 'ਤੇ ਮੋਹਿਤ ਹੋ ਕੇ ਉਸ ਨੂੰ ਚੁਕਵਾ ਦਿਤਾ। ਅਚਾਰਿਆ ਕਾਲਕ ਨੇ ਉਸ ਨੂੰ ਬਹੁਤ ਸਮਝਾਇਆ ਪਰ ਤਾਕਤ ਅਤੇ ਸੱਤਾ ਦੇ ਨਸ਼ੇ ਵਿੱਚ ਚੂਰ ਗਰਧਭਿੱਲ ਨੇ ਸਾਧਵੀ ਨੂੰ ਮੁਕਤ ਨਹੀਂ ਕੀਤਾ, ਤੱਦ ਅਚਾਰਿਆ ਕਾਲਕ ਨੇ ਪ੍ਰਤਿਸ਼ਠਾਨਪੁਰ ਦੇ ਪ੍ਰਤਾਪੀ ਰਾਜਾ ਸ਼ਾਤਾਹਨ ਨੂੰ ਇਸ ਧਰਮ ਯੁੱਧ ਲਈ ਪ੍ਰੇਰਤ ਕਤਿਾ। ਅਚਾਰਿਆ ਕਾਲਕ ਦੇ ਸਹਿਯੋਗ ਨਾਲ ਸ਼ਾਤਾਹਨ ਨੇ ਗਰਧਭਿੱਲ ਨੂੰ ਹਰਾ ਕੇ ਸਾਧਵੀ ਸਰਸਵਤੀ ਨੂੰ ਆਜਾਦ ਕਰਵਾਇਆ, ਬਾਅਦ ਵਿੱਚ ਅਵੰਤੀ 'ਤੇ ਸ਼ਕਨ ਨੇ ਹਮਲਾ ਕਰਕੇ ਅਪਣਾ ਰਾਜ ਸਥਾਪਤ ਕਰ ਲਿਆ।

* **ਅਚਾਰਿਆ ਦੇਵਾਰਧੀਗਨੀ:**

ਇਸ ਪ੍ਰੰਪਰਾ ਵਿੱਚ ਅਨੇਕਾਂ ਵਿਦਿਆ ਸਿੱਧ ਪ੍ਰਭਾਵਕ ਅਚਾਰਿਆਵਾਂ ਨੇ ਬਾਹਰਲੇ ਹਮਲਿਆਂ ਤੋਂ ਜੈਨ ਧਰਮ ਦੀ ਰੱਖਿਆ ਕੀਤੀ। ਜਿਸ ਵਿੱਚ ਅਚਾਰਿਆ ਪਾਦਲਿਪਤ ਸੂਰੀ, ਮਹਾਨ ਵਿਦਵਾਨ ਅਚਾਰਿਆ ਵਜਰ ਸਵਾਮੀ, ਮਹਾਨ ਵਿਦਵਾਨ ਉਮਾਸਵਾਤੀ ਆਦਿ ਤੋਂ ਬਾਅਦ ਲਗਭਗ ਵੀਰਨਿਰਵਾਨ 980 ਵਿੱਚ ਅਚਾਰਿਆ ਦੇਵਾਰਧੀਗਨੀ ਇਕ ਮਹਾਨ ਪ੍ਰਭਾਵਸ਼ਾਲੀ ਦੁਰਦਰਸ਼ੀ ਅਚਾਰਿਆ ਹੋਏ। ਅਚਾਰਿਆ ਦੇਵਾਰਧੀਗਨੀ ਨੇ ਬੱਲਭੀ (ਗੁਜਰਾਤ) ਵਿੱਚ ਇਕ ਵਿਸ਼ਾਲ ਸਾਧੂ ਸੰਮੇਲਨ ਬੁਲਾਇਆ ਇਸ ਸੰਮੇਲਨ ਵਿੱਚ ਹੁਣ ਤੱਕ ਮੂੰਹ ਜੁਵਾਨੀ ਯਾਦ ਚੱਲੇ ਆ ਰਹੇ ਆਗਮ ਗਿਆਨ ਨੂੰ ਲਿਪੀਵੱਧ ਕਰਕੇ ਇਕ ਇਤਿਹਾਸਕ ਕੰਮ ਸ਼ੁਰੂ ਕੀਤਾ। ਅੱਜ ਪ੍ਰਾਪਤ ਜੈਨ ਆਗਮ ਅਚਾਰਿਆ ਸ਼੍ਰੀ ਦੇਵਾਰਧੀਗਨੀ ਕਸ਼ਮਾ - ਸ਼੍ਰਮਣ ਦੁਆਰਾ ਸੰਗ੍ਰਹਿ ਕੀਤੇ ਮੰਨੇ ਜਾਂਦੇ ਹਨ।

ਭਗਵਾਨ ਮਹਾਵੀਰ ਦੇ ਨਿਰਵਾਨ ਤੋਂ 1000 ਸਾਲ ਤੱਕ ਇਹ ਸਮਾਂ ਇਕ ਪ੍ਰਕਾਰ ਨਾਲ ਜੈਨ ਧਰਮ ਦੀ ਤਰੱਕੀ ਅਤੇ ਪੱਤਨ ਦਾ ਸਮਾਂ ਸੀ। ਇਸੇ ਯੁੱਗ

ਵਿੱਚ ਪ੍ਰਮੁੱਖ ਰੂਪ ਵਿੱਚ ਜੈਨ ਸ਼ਾਸਤਰਾਂ ਨੂੰ ਸੁਰੱਖਿਅਤ ਰੱਖਣ ਅਤੇ ਅਧਿਐਨ ਤੇ ਜ਼ੋਰ ਦਿਤਾ ਜਾਂਦਾ ਰਿਹਾ।

ਇਸ ਤੋਂ ਬਾਅਦ ਜੈਨ ਇਤਿਹਾਸ ਦਾ ਵਿਦਿਆ ਅਤੇ ਰਾਜ ਪ੍ਰਭਾਵ ਪੱਖੋਂ ਪੱਤਨ ਦਾ ਸਮਾਂ ਸ਼ੁਰੂ ਹੁੰਦਾ ਹੈ। ਇਸ ਯੁੱਗ ਵਿੱਚ ਸੰਸਕ੍ਰਿਤ ਭਾਸ਼ਾ ਦੇ ਮਹਾਨ ਪੰਡਿਤ, ਮਹਾਨ ਤਰਕ ਸ਼ਾਸਤਰ ਅਚਾਰਿਆ ਸਿੱਧ ਸੈਨ ਸੂਰੀ ਦਿਵਾਕਰ ਹੋਏ। ਉਨ੍ਹਾਂ ਨੇ ਅਪਣੀ ਵਿਦਿਆ ਸ਼ਕਤੀ ਦੇ ਨਾਲ ਅਵੰਤੀ ਦੇ ਰਾਜਾ ਸਮਰਾਟ ਵਿਕ੍ਰਮਾਦਿੱਤ ਨੂੰ ਪ੍ਰਭਾਵਤ ਕੀਤਾ ਅਤੇ ਅਨੇਕਾਂ ਰਾਜੀਆਂ ਨੂੰ ਜੈਨ ਧਰਮ ਦਾ ਅਨੁਯਾਈ ਬਣਾਇਆ। ਸਿੱਧ ਸੈਨ ਸੂਰੀ ਨੇ ਨਿਯਾਏ ਅਵਤਾਰ, ਸਨਮਤੀ ਤਰਕ ਜਿਹੇ ਅਦਭੁਤ ਨਿਯਾਏ ਗ੍ਰੰਥਾਂ ਦੀ ਰਚਨਾ ਕਰਕੇ ਜੈਨ ਸ਼੍ਰਮਣਾਂ ਨੂੰ ਨਿਯਾਏ ਅਤੇ ਤਰਕ ਵਿੱਦਿਆ ਦੇ ਖੇਤਰ ਵਿੱਚ ਸਥਾਪਤ ਕੀਤਾ। ਕਲਿਆਣ ਮੰਦਿਰ ਸਤੋਤਰ ਵੀ (ਭਗਵਾਨ ਪਾਰਸ ਨਾਥ ਦੀ ਸਤੂਤੀ) ਆਪ ਦੀ ਪਵਿੱਤਰ ਰਚਨਾ ਹੈ। ਇਹਨਾਂ ਦਾ ਸਮਾਂ ਵੀਰ ਨਿਰਵਾਨ ਸੰਮਤ 840 (ਵਿਕਰਮ ਸੰਮਤ 350 - 377 ਦਾ ਮੰਨਿਆ ਗਿਆ)

- **ਅਚਾਰਿਆ ਸ਼੍ਰੀ ਮਾਨਤੁੰਗ ਸੂਰੀ:**

ਵਿਕਰਮ ਦੀ 7ਵੀਂ ਸਦੀ ਵਿੱਚ ਭਗਤੀ ਰਥ ਦੇ ਮਹਾਨ ਪ੍ਰਤੀਕ ਅਚਾਰਿਆ ਸ਼੍ਰੀ ਮਾਨਤੁੰਗ ਸੂਰੀ ਹੋਏ। ਅਚਾਰਿਆ ਸ਼੍ਰੀ ਮਾਨਤੁੰਗ ਸੂਰੀ ਨੂੰ ਸਵੇਤਾਂਬਰ ਅਤੇ ਦਿਗੰਬਰ ਦੋਹੇਂ ਜੈਨ ਪ੍ਰੰਪਰਾਵਾਂ ਵਿੱਚ ਸਤਿਕਾਰ ਪ੍ਰਾਪਤ ਹੈ। ਉਨ੍ਹਾਂ ਦੀ ਅਮਰ ਰਚਨਾ ਭਕਤਾਂਵਰ ਸਤੋਤਰ ਦਾ ਅੱਜ ਲੱਖਾਂ ਜੈਨੀ ਹਰ ਰੋਜ ਪਾਠ ਕਰਦੇ ਹਨ। ਅਪਣੀ ਸ਼ੁੱਧ ਭਗਤੀ ਤੋਂ ਬਨਾਰਸ ਦੇ ਰਾਜਾ ਹਰਸ਼ ਦੇਵ ਨੂੰ ਪ੍ਰਭਾਵਤ ਕੀਤਾ। 48 ਤਾਲੇਆਂ ਵਾਲੇ ਜੈਲ ਖਾਣੇ ਵਿੱਚ ਬੰਦ, ਪ੍ਰਭੂ ਭਗਤੀ ਦੇ ਪ੍ਰਭਾਵ ਨਾਲ ਮੁਕਤ ਹੋ ਕੇ ਪ੍ਰਗਟ ਹੋਏ ਅਤੇ ਹਜ਼ਾਰਾਂ ਲੋਕਾਂ ਨੂੰ ਅਪਣੇ ਇਸ਼ਟ ਦੇਵ ਦਾ ਸ਼ਰਧਾਲੂ ਬਣਾ ਦਿੱਤਾ।

- **ਅਚਾਰਿਆ ਸ਼੍ਰੀ ਹਰੀ ਭੱਦਰ ਸੂਰੀ:**

ਵਿਕਰਮ ਦੀ 6ਵੀਂ, 7ਵੀਂ ਸਦੀ ਵਿੱਚ ਜੈਨ ਪ੍ਰੰਪਰਾ ਵਿੱਚ ਅਚਾਰਿਆ ਹਰੀ ਭੱਦਰ ਦਾ ਪੈਦਾ ਹੋਣਾ ਇਕ ਯਾਦਗਾਰੀ ਘੱਟਨਾ ਹੈ। ਆਪ ਚਿੱਤਰਕੁਟ ਨਿਵਾਸੀ ਵੇਦ ਵੇਦਾਂਗ ਦੇ ਮਹਾਨ ਜਾਣਕਾਰ ਬ੍ਰਾਹਮਣ ਸਨ। ਇਕ ਸ਼ਲੋਕ ਦਾ ਅਰਥ ਨਾ

ਸਮਝਣ ਦੇ ਕਾਰਨ ਜੈਨ ਸਾਧਵੀ ਯਾਕਨੀ ਮਹਿਤਰਾ ਤੋਂ ਗਿਆਨ ਪ੍ਰਾਪਤ ਕੀਤਾ। ਸਾਧਵੀ ਉਪਦੇਸ਼ ਤੋਂ ਪ੍ਰਭਾਵਤ ਹੋ ਕੇ, ਜੈਨ ਸਾਧੂ ਬਣੇ, ਉਨ੍ਹਾ ਨੇ ਜੈਨ ਪ੍ਰਮਾਣ ਸ਼ਾਸਤਰ ਅਤੇ ਯੋਗ ਸ਼ਾਸਤਰ ਦੀ ਜੈਨ ਦ੍ਰਿਸ਼ਟੀ ਤੋਂ ਅਨੇਕਾਂ ਮਹੱਤਵਪੂਰਨ ਗ੍ਰੰਥਾਂ ਦੀ ਰਚਨਾ ਕੀਤੀ ਅਤੇ ਜੈਨ ਸਾਹਿਤ ਨੂੰ ਸੰਸਾਰ ਦੇ ਉੱਚ ਸਾਹਿਤ ਦੀ ਸ਼੍ਰੇਣੀ ਵਿੱਚ ਸਥਾਪਤ ਕੀਤਾ।

- **ਨਵਾਂਗੀ (ਨੌਂ) ਟੀਕਾਕਾਰ ਅਚਾਰਿਆ ਸ਼੍ਰੀ ਅਭੈ ਦੇਵ ਸੂਰੀ:**

ਵਿਕਰਮ ਦੀ 11ਵੀਂ - 12ਵੀਂ ਸਦੀ ਦੇ ਮਹਾਨ ਟੀਕਾਕਾਰ ਅਚਾਰਿਆ ਅਭੈ ਦੇਵ ਸੂਰੀ ਹੋਏ। ਧਾਰਾ ਨਗਰੀ ਦੇ ਇਕ ਬਾਣਿਆ ਪਰਿਵਾਰ ਵਿੱਚ ਉਨ੍ਹਾਂ ਦਾ ਜਨਮ ਹੋਇਆ। ਅਚਾਰਿਆ ਜਿਨੇਸ਼ਵਰ ਸੂਰੀ ਤੋਂ ਉਨ੍ਹਾ ਦੀਖਿਆ ਗ੍ਰਹਿਣ ਕੀਤੀ, ਉਹ ਬਹੁਤ ਉੱਚੀ ਬੁੱਧੀ ਦੇ ਧਨੀ ਸਨ। ਕੁੱਝ ਹੀ ਸਮੇਂ ਵਿੱਚ ਜੈਨ ਸਿਧਾਤਾਂ ਦੇ ਡੂੰਘੇ ਜਾਣਕਾਰ ਬਣ ਗਏ। ਇਕ ਦਿਨ ਧਿਆਨ ਵਿੱਚ ਬੈਠੇ ਸਨ, ਕਿ ਸ਼ਾਸਨ ਦੇਵੀ ਨੇ ਉਨ੍ਹਾ ਨੂੰ ਜੈਨ ਆਗਮਾ ਤੇ ਸੰਸਕ੍ਰਿਤ ਭਾਸ਼ਾ ਵਿੱਚ ਵਿਸਥਾਰ ਨਾਲ ਵਿਆਖਿਆ ਕਰਨ ਵਾਲੀ ਟੀਕਾਵਾਂ ਦੀ ਰਚਨਾ ਕਰਨ ਦਾ ਹੁਕਮ ਦਿੱਤਾ।

ਮਹਾਨ ਸੰਕਲਪ ਦੇ ਧਨੀ ਅਚਾਰਿਆ ਸ਼੍ਰੀ ਅਭੈ ਦੇਵ ਸੂਰੀ ਨੇ ਨੌਂ ਆਗਮਾਂ ਤੇ ਵਿਸ਼ਾਲ ਸੰਸਕ੍ਰਿਤ ਭਾਸ਼ਾ ਵਿੱਚ ਟੀਕਾਵਾਂ ਲਿਖਿਆਂ। ਇਕ ਵਾਰ ਕਿਸੇ ਕਾਰਨ ਵੱਸ ਉਨ੍ਹਾਂ ਦੇ ਸਰੀਰ ਵਿੱਚ ਕੋਹੜ ਹੋ ਗਿਆ। ਰਾਤ ਦੇ ਸਮੇਂ ਉਨ੍ਹਾਂ ਧਰਨੇਂਦਰ ਦੇਵਤਾ ਦਾ ਸਿਮਰਨ ਕੀਤਾ, ਫੇਰ ਧਰਨੇਂਦਰ ਦੇਵਤਾ ਉਨ੍ਹਾਂ ਨੂੰ ਇਸ਼ਾਰੇ ਦੇ ਨਾਲ ਜੈਨ ਸੰਘ ਸਮੇਤ ਸਤੰਭਨ ਪਿੰਡ ਵਿੱਚ ਲੈ ਗਿਆ। ਉੱਥੇ ਸੇਡਿਕਾ ਨਦੀ ਦੇ ਕਿਨਾਰੇ ਆਪ ਨੇ **ਜਯ ਤਿਹੁਯਣ** ਨਾਮਕ ਪ੍ਰਭਾਵਸ਼ਾਲੀ ਸਤੋਤਰ ਦੀ ਰਚਨਾ ਕਰਕੇ ਭਗਵਾਨ ਪਾਰਸ਼ਵ ਨਾਥ ਦੀ ਸਤੁਤੀ ਕੀਤੀ। ਨਦੀ ਵਿੱਚੋਂ ਭਗਵਾਨ ਪਾਰਸ਼ਵ ਨਾਥ ਦੀ ਮੂਰਤੀ ਪ੍ਰਗਟ ਹੋਈ, ਜਿਸ ਨੂੰ ਲਿਆ ਕੇ ਖੰਭਾਤ ਵਿੱਚ ਸਥਾਪਤ ਕੀਤਾ ਗਿਆ। ਅਭੈ ਦੇਵ ਸੂਰੀ ਰੋਗ ਮੁਕਤ ਹੋ ਗਏ।

- **ਅਚਾਰਿਆ ਸ਼੍ਰੀ ਜਿਨਦੱਤ ਸੂਰੀ:**

ਵਿਕਰਮ ਦੀ 12 ਵੀਂ ਸਦੀ ਵਿੱਚ ਖਰੱਤਰ ਗੱਛ ਦੀ ਪ੍ਰੰਪਰਾ ਵਿੱਚ ਅਚਾਰਿਆ ਜਿਨਦੱਤ ਸੂਰੀ ਬਹੁਤ ਪ੍ਰਭਾਵਸ਼ਾਲੀ ਅਚਾਰਿਆ ਹੋਏ। ਉਹ ਪਹਿਲੇ ਦਾਦਾ ਗੁਰੂ ਦੇ ਨਾਂਉ ਨਾਲ ਪ੍ਰਸ਼ਿੱਧ ਹਨ। ਆਪ ਦਾ ਜਨਮ ਗੁਜਰਾਤ ਦੇ ਢੋਲਕਾ

ਨਗਰ ਵਿੱਚ ਬਾਣਿਆ ਪਰਿਵਾਰ ਵਿੱਚ ਹੋਇਆ ਅਤੇ ਨੌਂ ਸਾਲ ਦੀ ਛੋਟੀ ਉਮਰ ਵਿੱਚ ਆਪ ਦੀਖਿਤ ਹੋ ਗਏ। ਸੰਸਕ੍ਰਿਤ, ਪ੍ਰਾਕ੍ਰਿਤ, ਅਪਭਰੰਸ਼ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰਕੇ ਵਿਦਵਾਨ ਬਣੇ ਅਤੇ ਆਪ ਨੇ ਜੈਨ ਧਰਮ ਦੀ ਖੂਬ ਸੇਵਾ ਕੀਤੀ। ਸਿੰਧ, ਗੁਜਰਾਤ, ਮਾਰਵਾੜ ਆਦਿ ਪ੍ਰਦੇਸ਼ਾਂ ਵਿੱਚ ਆਪ ਦੇ ਪ੍ਰਭਾਵ ਨਾਲ ਅਨੇਕਾਂ ਲੋਕਾਂ ਨੇ ਜੈਨ ਧਰਮ ਸਵਿਕਾਰ ਕੀਤਾ।

- **ਕਲੀਕਾਲ ਸਰਵੱਗ ਅਚਾਰਿਆ ਹੇਮ ਚੰਦਰ ਸੂਰੀ:**

ਵਿਕਰਮ ਦੀ 12ਵੀਂ - 13ਵੀਂ ਸਦੀ ਵਿੱਚ ਜੈਨ ਧਰਮ ਨੂੰ ਗੁਜਰਾਤ ਦਾ ਰਾਜ ਧਰਮ ਬਨਾਉਣ ਵਾਲੇ ਮਹਾਨ ਪ੍ਰਤਾਪੀ ਕਲੀਕਾਲ ਸਰਵੱਗ ਅਚਾਰਿਆ ਹੇਮ ਚੰਦਰ ਸੂਰੀ ਜੀ ਹੋਏ। ਅਚਾਰਿਆ ਸ਼੍ਰੀ ਦਾ ਇਹ ਸਮਾਂ ਜੈਨ ਧਰਮ ਦਾ ਸੁਨੇਹਰੀ ਯੁਗ ਮੰਨਿਆ ਜਾਂਦਾ ਹੈ। ਆਪ ਦੀ ਵਿਦਵਾਨਤਾ, ਸਾਧਨਾ, ਅਤੇ ਦੂਰ ਦ੍ਰਿਸ਼ਟੀ ਤੋਂ ਪ੍ਰਭਾਵਤ ਹੋ ਕੇ ਗੁਜਰਾਤ ਦਾ ਸ਼ਿਵ ਭਗਤ ਰਾਜਾ ਜੈ ਸਿੱਧਰਾਜ ਸਿੰਘ ਜੈਨ ਧਰਮ ਦਾ ਪ੍ਰੇਮੀ ਬਣ ਗਿਆ। ਉਸ ਤੋਂ ਬਾਅਦ ਕੁਮਾਰ ਪਾਲ ਗੁਜਰਾਤ ਦਾ ਰਾਜਾ ਬਣਿਆ। ਕੁਮਾਰ ਪਾਲ ਇਕ ਸਧਾਰਨ ਯੋਧਾ ਤੋਂ ਰਾਜਾ ਬਨਾਉਣ ਦਾ ਸਹਿਰਾ ਅਚਾਰਿਆ ਸ਼੍ਰੀ ਹੇਮ ਚੰਦਰ ਸੂਰੀ ਨੂੰ ਹੀ ਹੈ। ਅਚਾਰਿਆ ਸ਼੍ਰੀ ਹੇਮ ਚੰਦਰ ਦੇ ਪ੍ਰਭਾਵ ਨਾਲ ਗੁਜਰਾਤ ਵਿੱਚ ਅਹਿੰਸਾ ਦਾ ਵਿਸ਼ਾਲ ਪ੍ਰਚਾਰ ਹੋਇਆ। ਅਨਾਥ, ਗਰੀਬਾਂ ਦੀ ਦੇਖ ਭਾਲ ਅਤੇ ਸਹਾਇਤਾ ਵਿੱਚ ਸਰਕਾਰੀ ਖਜਾਨੇ ਵਿੱਚੋਂ ਕਰੋੜਾਂ ਰੁਪਏ ਖਰਚ ਕੀਤੇ ਗਏ। ਅਚਾਰਿਆ ਸ਼੍ਰੀ ਖੁਦ ਆਪਸੀ ਸੁਮੇਲ ਅਤੇ ਏਕਤਾ ਵਾਦੀ ਵਿਚਾਰਾਂ ਵਿੱਚ ਵਿਸ਼ਵਾਸ ਰੱਖਦੇ ਸਨ। ਇਸੇ ਕਾਰਨ ਜੈਨ - ਸ਼ੇਵ - ਵੈਸ਼ਨਵ ਫਿਰਕੀਆਂ ਵਿੱਚ ਆਪਸੀ ਮੇਲਜੋਲ ਅਤੇ ਪਿਆਰ ਵਿੱਚ ਵਾਧਾ ਹੋਇਆ। ਇਹ ਸਮਾਂ ਗੁਜਰਾਤ ਦੇ ਸਰਵ ਪੱਖੀ ਵਿਕਾਸ ਦਾ ਸਮਾਂ ਰਿਹਾ।

- **ਅਚਾਰਿਆ ਜਿਨ ਚੰਦਰ ਸੂਰੀ (ਮਣੀਧਾਰੀ):**

ਖਰਤਰਗੱਛ ਦੇ ਦੂਸਰੇ ਦਾਦਾ ਗੁਰੂ ਦੇ ਨਾਂ ਨਾਲ ਪ੍ਰਸ਼ਿੱਧ ਅਚਾਰਿਆ ਜਿਨ ਚੰਦਰ ਸੂਰੀ ਮਣੀਧਾਰੀ ਸਨ। ਆਪ ਦਾ ਸਮਾਂ ਵਿਕਰਮ ਸੰਮਤ 13ਵੀਂ ਸਦੀ ਮੰਨਿਆ ਜਾਂਦਾ ਹੈ। ਆਗਮਾਂ ਦੇ ਗਿਆਨ ਦੇ ਨਾਲ ਨਾਲ ਆਪ ਦੀ ਬਾਣੀ ਬਹੁਤ ਪ੍ਰਭਾਵਸ਼ਾਲੀ ਸੀ ਅਤੇ ਆਪ ਦੇ ਅਨੇਕਾਂ ਚਮਤਕਾਰ ਵੀ ਪ੍ਰਸ਼ਿੱਧ ਹਨ।

ਦਿੱਲੀ ਦਾ ਰਾਜਾ ਮਦਨਪਾਲ (ਆਨੰਗਪਾਲ) ਆਪ ਦੇ ਮਹਾਨ ਗਿਆਨ ਅਤੇ ਸਾਧਨਾ ਦੀ ਸ਼ਕਤੀ ਤੋਂ ਖੁਸ਼ ਹੋ ਕੇ ਆਪ ਦਾ ਅਨੁਯਾਈ ਹੋ ਗਿਆ। ਜੈਨ ਦੇ ਪ੍ਰਚਾਰ ਪ੍ਰਸਾਰ ਵਿੱਚ ਆਪ ਦਾ ਮਹੱਤਵਪੂਰਨ ਯੋਗਦਾਨ ਹੈ। ਵਿਕਰਮ ਸੰਮਤ 1223 ਭਾਦੋਂ ਸੁਧੀ 14 ਨੂੰ ਦਿੱਲੀ ਵਿਖੇ ਆਪ ਦਾ ਸਵਰਗਵਾਸ ਹੋਇਆ। ਮਹਿਰੋਲੀ (ਦਿੱਲੀ) ਵਿੱਚ ਆਪ ਦੇ ਸਵਰਗਵਾਸ ਦੇ ਸਥਾਨ ਤੇ ਦਾਦਾ ਵਾੜੀ (ਸਮਾਧੀ) ਬਣੀ ਹੋਈ ਹੈ। ਜੋ ਇਕ ਚਮਤਕਾਰੀ ਅਤੇ ਪ੍ਰਭਾਵਸ਼ਾਲੀ ਭਾਰਤ ਪ੍ਰਸ਼ਿੱਧ ਤੀਰਥ ਬਣ ਗਿਆ ਹੈ।

- **ਜਗਤ ਗੁਰੂ ਅਚਾਰਿਆ ਹੀਰ ਵਿਜੇ ਸੂਰੀ:**

ਵਿਕਰਮ ਦੀ 16ਵੀਂ ਸਦੀ ਵਿੱਚ ਭਾਰਤ ਦੇ ਵਿਸ਼ਾਲ ਭੂ ਖੰਡ ਤੇ ਮੁਗਲਾਂ ਦਾ ਸ਼ਾਸਨ ਸੀ। ਸਾਰੇ ਧਰਮਾਂ ਦਾ ਸਨਮਾਨ ਕਰਨ ਵਾਲਾ ਅਤੇ ਸੁਮੇਲ ਕਰਨ ਦਾ ਪ੍ਰੇਮੀ ਮੁਗਲ ਬਾਦਸ਼ਾਹ ਅਕਬਰ ਜੈਨ ਧਰਮ ਤੋਂ ਕਾਫੀ ਪ੍ਰਭਾਵਤ ਰਿਹਾ। ਇਸ ਸਦੀ ਵਿੱਚ ਤਪਾਗੱਛ ਦੀ ਪਵਿੱਤਰ ਪ੍ਰੰਪਰਾ ਵਿੱਚੋਂ ਅਚਾਰਿਆ ਸ਼੍ਰੀ ਹੀਰ ਵਿਜੇ ਦਾ ਸਾਰੇ ਭਾਰਤ ਵਿੱਚ ਡੂੰਘਾ ਪ੍ਰਭਾਵ ਪਿਆ। ਉਨ੍ਹਾਂ ਦੇ ਗਿਆਨ, ਸਾਧਨਾ ਅਤੇ ਪ੍ਰਵਚਨ ਦੀ ਪ੍ਰਸ਼ਿਧੀ ਸੁਣਕੇ ਮੁਗਲ ਬਾਦਸ਼ਾਹ ਅਕਬਰ ਨੇ ਉਨ੍ਹਾਂ ਨੂੰ ਆਗਰਾ ਆਉਣ ਦਾ ਬੁਲਾਵਾ ਦਿੱਤਾ।

ਅਚਾਰਿਆ ਸ਼੍ਰੀ ਦੇ ਸੰਪਰਕ ਵਿੱਚ ਆਉਣ ‘ਤੇ ਉਸ ਦੇ ਵਿਚਾਰਾਂ ਅਤੇ ਜੀਵਨ ਵਿੱਚ ਕਾਫੀ ਬਦਲਾਉ ਆ ਗਿਆ। ਹੀਰ ਵਿਜੇ ਸੂਰੀ ਦੇ ਸੰਪਰਕ ਤੋਂ ਬਾਅਦ ਹੀ ਉਹ ਕੱਟੜ ਮੁਸਲਮਾਨ ਤੋਂ ਸਭ ਧਰਮਾ ਪ੍ਰਤੀ ਆਦਰ ਕਰਨ ਵਾਲਾ ਰਾਜਾ ਬਣਿਆ ਅਤੇ ਹਰ ਰੋਜ ਪੰਜ ਸੋ ਚਿੜੀਆਂ ਦੇ ਮਾਸ ਦਾ ਭੋਜਨ ਕਰਨ ਵਾਲਾ, ਸਾਲ ਵਿੱਚ ਛੇ ਮਹਿਨੇ ਮਾਸ ਛੱਡਨ ਦਾ ਤਿਆਗੀ ਹੋ ਗਿਆ।

ਅਕਬਰ ਨੇ ਅਪਣੇ ਰਾਜ ਵਿੱਚ ਜੈਨ ਧਰਮ ਦੇ ਪਰਿਯੁਸਨ ਆਦਿ ਤਿਉਹਾਰਾਂ ਵਿੱਚ ਸੰਪੂਰਨ ਜੀਵ ਹਿੰਸਾ ਅਤੇ ਮਾਸ ਵਿਕਰੀ ‘ਤੇ ਰੋਕ ਦਾ ਫਰਮਾਨ ਵੀ ਜਾਰੀ ਕੀਤਾ। ਅਚਾਰਿਆ ਹੀਰ ਵਿਜੇ ਸੂਰੀ ਨੇ ਬਾਦਸ਼ਾਹ ਅਕਬਰ ਦੀ ਬੇਨਤੀ ‘ਤੇ ਅਪਣੇ ਦੋ ਵਿਦਵਾਨ ਚੇਲੇ ਉਪਾਧਿਆਏ ਸ਼੍ਰੀ ਸ਼ਾਂਤੀ ਚੰਦਰ ਜੀ ਅਤੇ ਸ਼੍ਰੀ ਭਾਨੂ ਚੰਦਰ ਜੀ ਨੂੰ ਉਸ ਦੇ ਸੰਪਰਕ ਵਿੱਚ ਰੱਖਿਆ। ਜਿਨ੍ਹਾਂ ਦਾ ਪ੍ਰਭਾਵ ਅਕਬਰ ਤੋਂ ਬਾਅਦ ਸ਼ਾਹ ਜਹਾਨ, ਔਰੰਗਜ਼ੇਬ ਤੇ ਵੀ ਰਿਹਾ।

ਅਕਬਰ ਨੇ ਸ਼੍ਰੀ ਹੀਰ ਵਿਜੇ ਸੂਰੀ ਨੂੰ ਵਿਕਰਮ ਸੰਮਤ 1640 ਵਿੱਚ ਜਗਤ ਗੁਰੂ ਦੀ ਉਪਾਧੀ ਨਾਲ ਸਨਮਾਨਤ ਕੀਤਾ।

# ਅਚਾਰਿਆ ਸ਼੍ਰੀ ਵਿਜੇ ਨੰਦ ਸੂਰੀ ਜੀ (ਆਤਮਾ ਰਾਮ ਜੀ) ਮਹਾਰਾਜ

ਵਿਕਰਮ ਦੀ 19ਵੀਂ ਸਦੀ ਵਿੱਚ ਸ਼੍ਰੀ ਵਿਜੇ ਨੰਦ ਸੂਰੀ ਜੀ ਮਹਾਰਾਜ ਇਕ ਕ੍ਰਾਂਤੀਕਾਰੀ ਮਹਾ ਪੁਰਸ਼ ਹੋਏ। ਆਪ ਦਾ ਜਨਮ ਮਹਾਰਾਜਾ ਰਣਜੀਤ ਸਿੰਘ ਦੀ ਫੋਜ ਵਿੱਚ ਨੋਕਰੀ ਕਰਦੇ ਸ਼੍ਰੀ ਗਨੇਸ਼ ਚੰਦ ਜੀ ਦੀ ਪਤਨੀ ਮਾਤਾ ਰੂਪਾ ਦੇਵੀ ਦੀ ਕੁੱਖੋਂ ਹੋਇਆ। ਪੰਜਾਬ ਦੇ ਫਿਰੋਜਪੁਰ ਜ਼ਿਲ੍ਹੇ ਦੇ ਵਿੱਚ ਪੈਂਦੇ ਲਹਿਰਾ ਨਾਉਂ ਦੇ ਪਿੰਡ ਵਿੱਚ ਵਿਕਰਮ ਸੰਮਤ 1894 ਚੇਤ ਸੁਧੀ ਨਵੇਂ ਵਿਕਰਮੀ ਸੰਮਤ ਦੇ ਪਹਿਲੇ ਦਿਨ (ਈਸਵੀ ਸਨ 1837, ਅਪ੍ਰੈਲ) ਨੂੰ ਆਪ ਜੀ ਦਾ ਜਨਮ ਹੋਇਆ। ਬਚਪਨ ਤੋਂ ਹੀ ਆਪ ਪ੍ਰਤੀਭਾਸ਼ਾਲੀ ਅਤੇ ਬਹਾਦੁਰ ਸਨ। ਆਪ ਦੇ ਪਿਤਾ ਕੋਈ ਝੂਠਾ ਦੋਸ਼ ਲੱਗ ਜਾਣ ਕਾਰਨ, ਆਪਣੇ ਬਾਲਕ ਆਤਮਾ ਰਾਮ ਨੂੰ ਜੈਨ ਮਿੱਤਰ ਸ਼੍ਰੀ ਜੋਧਾ ਮਲ ਜੀ ਦੇ ਸਪੁਰਦ ਕਰਕੇ, ਆਪ ਜੈਲ ਚਲੇ ਗਏ। ਜੋਧਾ ਮਲ ਜ਼ੀਰਾ ਦਾ ਰਹਿਣ ਵਾਲਾ ਸੀ। 12 ਸਾਲ ਦੇ ਬਾਲਕ ਆਤਮਾ ਰਾਮ ਨੂੰ ਜੋਧਾ ਮਲ ਨੇ ਪੁੱਤਰਾਂ ਦੀ ਤਰ੍ਹਾਂ ਪਿਆਰ ਦਿੱਤਾ। ਵਿਦਿਆ ਅਧਿਐਨ ਕਰਵਾਇਆ।

ਜੋਧਾ ਮਲ ਜੀ ਸਥਾਨਕ ਵਾਸੀ ਜੈਨ ਪ੍ਰੰਪਰਾ ਦੇ ਅਨੁਯਾਈ ਸਨ। 1852 ਈ. ਵਿੱਚ ਮੁਨੀ ਸ਼੍ਰੀ ਜੀਵਨ ਰਾਮ ਜੀ ਦਾ ਚਤਰਮਾਸ ਸ਼ੁਰੂ ਸੀ, ਬਾਲਕ ਆਤਮਾ ਰਾਮ ਉਨ੍ਹਾਂ ਦੇ ਸੰਪਰਕ ਵਿੱਚ ਆਏ। ਪਿਛਲੇ ਜਨਮ ਦੇ ਧਾਰਮਿਕ ਸੰਸਕਾਰਾਂ ਦੇ ਕਾਰਨ ਉਨ੍ਹਾਂ ਦਾ ਮਨ ਧਾਰਮਿਕ ਰੰਗ ਵਿੱਚ ਰੰਗ ਗਿਆ। ਵੈਰਾਗ ਦੇ ਬੀਜ਼ ਪੁੰਗਰਨ ਲੱਗੇ, ਸੰਨ 1854 ਈ. ਨੂੰ ਮਾਲੇਰਕੋਟਲਾ ਵਿੱਚ 17 ਸਾਲ ਦੇ ਬਾਲਕ ਆਤਮਾ ਰਾਮ ਸਥਾਨਕ ਵਾਸੀ ਜੈਨ ਪ੍ਰੰਪਰਾ ਵਿੱਚ ਦੀਖਿਅਤ ਹੋ ਗਏ। ਦਿਖਿਆ ਤੋਂ ਬਾਅਦ ਜੈਨ ਸ਼ਾਸਤਰਾਂ ਦੇ ਅਧਿਐਨ ਤੋਂ ਬਾਅਦ ਮੁਨੀ ਆਤਮਾ ਰਾਮ ਨੂੰ ਪ੍ਰਤੀਤ ਹੋਇਆ ਕਿ ਅਸੀਂ ਜੋ ਮੂਰਤੀ ਪੂਜਾ ਲਈ ਲੋਕਾਂ ਨੂੰ ਰੋਕ ਰਹੇ ਹਾਂ, ਇਹ ਸ਼ਾਸਤਰ ਵਿਰੁੱਧ ਹੈ। ਪ੍ਰਤੀਮਾ ਜਾਂ ਮੂਰਤੀ ਤਾਂ ਆਤਮ ਕਲਿਆਣ ਦਾ ਸ਼ਕਤੀਸ਼ਾਲੀ ਸਾਧਨ ਹੈ। ਆਪ ਸ਼੍ਰੀ ਨੇ ਇਸ ਵਿਸ਼ੇ 'ਤੇ ਡੂੰਘਾ ਅਧਿਐਨ – ਖੋਜ – ਵਿਚਾਰ ਅਤੇ ਚਰਚਾ ਕਰਨ ਤੋਂ ਬਾਅਦ, ਹੁਸ਼ਿਆਰਪੁਰ ਵਿੱਚ 1874

ਈ. ਵਿੱਚ ਚੋਮਾਸਾ ਕੀਤਾ। ਉੱਥੇ ਆਪ ਨੂੰ ਅਪਣੇ ਸਾਥੀ 16 ਮੁਨੀਆਂ ਨਾਲ ਤਿੰਨ ਫੈਸਲੇ ਕੀਤੇ।

1. ਜੈਨ ਪ੍ਰੰਪਰਾ ਦੇ ਪ੍ਰਸ਼ਿੱਧ ਤੀਰਥਾਂ ਦੀ ਯਾਤਰਾ ਕਰਨਾ।

2. ਗੁਜਰਾਤ ਜਾ ਕੇ ਕਿਸੇ ਯੋਗ ਮੁਨੀ ਕੋਲ ਜਾਕੇ ਸ਼ਾਸਤਰ ਅਨੁਸਾਰ ਸਾਧੂ ਭੇਸ ਗ੍ਰਹਿਣ ਕਰਨਾ।

3. ਫੇਰ ਪੰਜਾਬ ਆ ਕੇ ਪ੍ਰਾਚੀਨ ਜੈਨ ਪ੍ਰੰਪਰਾ ਦੀ ਸਥਾਪਨਾ ਅਤੇ ਪ੍ਰਸਾਰ ਕਰਨਾ।

ਆਪ ਸ਼੍ਰੀ ਨੇ ਸ਼ਤਰੂੰਜੈ (ਪਾਲੀਤਾਨਾ, ਜ਼ਿਲ੍ਹਾ ਭਾਵਨਗਰ, ਗੁਜਰਾਤ) ਦੀ ਯਾਤਰਾ ਕਰਕੇ ਅਹਿਮਦਾਬਾਦ ਵਿਖੇ ਮੁਨੀ ਸ਼੍ਰੀ ਬੁੱਧੀ ਵਿਜੇ ਜੀ ਮਹਾਰਾਜ ਤੋਂ 1874 ਈ. ਵਿੱਚ ਸੰਵੇਗੀ (ਮੂਰਤੀ ਪੂਜਕ) ਪ੍ਰੰਪਰਾ ਦੀ ਦੀਖਿਆ ਸਵਿਕਾਰ ਕੀਤੀ। ਆਪ ਦਾ ਨਾਉ ਮੁਨੀ ਆਨੰਦ ਵਿਜੇ ਰੱਖਿਆ ਗਿਆ।

ਜੈਨ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਭਗਵਾਨ ਮਹਾਵੀਰ ਦੇ 61ਵੇਂ ਵਾਰਸ ਅਚਾਰਿਆ ਵਿਜੇ ਸਿੰਘ ਸੂਰੀ (ਵਿਕਰਮ ਸੰਮਤ 1688) ਤੋਂ ਬਾਅਦ ਜੈਨ ਮੁਨੀਆਂ ਦੇ ਆਚਾਰ ਵਿਚਾਰ ਵਿੱਚ ਕਾਫੀ ਗਿਰਾਵਟ ਆਉਣ ਲੱਗੀ, ਜੋ ਲਗਾਤਾਰ ਵੱਧਦੀ ਜਾ ਰਹੀ ਸੀ। ਇਸ ਦਾ ਅਸਰ ਇਹ ਹੋਇਆ ਕਿ ਸ਼ੁੱਧ ਆਚਰਨ ਵਾਲੇ ਜੈਨ ਮੁਨੀਆਂ ਦੇ ਸੰਘ ‘ਤੇ ਗਿਰਾਵਟ ਵਾਲੇ ਅਤੇ ਯਤੀਆਂ ਦਾ ਕਬਜ਼ਾ ਹੋ ਗਿਆ। ਧਰਮ ਦੇ ਨਾਉਂ ‘ਤੇ ਗਿਰਾਵਟ ਅਤੇ ਪਾਖੰਡ ਨੂੰ ਹੱਲਾਸ਼ੇਰੀ ਮਿਲੀ, 260 ਸਾਲ ਬਾਅਦ ਮੁਨੀ ਆਤਮਾ ਰਾਮ ਜੀ ਮਹਾਰਾਜ ਨੇ ਇਸ ਖੇਤਰ ਵਿੱਚ ਨਵੀਂ ਕ੍ਰਾਂਤੀ ਪੈਦਾ ਕੀਤੀ। ਕੱਟੜ ਪੰਥੀਆਂ ਨੇ ਵਿਰੋਧ ਵੀ ਕੀਤਾ ਪਰ ਆਪ ਅਪਣੇ ਮਿਸ਼ਨ ਤੇ ਅਡਿੱਗ ਰਹੇ। 1886 ਈ. ਵਿੱਚ ਆਪ ਜੀ ਨੂੰ ਪਾਲੀਤਾਨਾ ਤੀਰਥ ਉੱਪਰ ਮੱਘਰ ਬਦੀ ਪੰਜਮੀ ਦੇ ਸ਼ੁਭ ਦਿਨ ਤੇ ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿੱਚ ਅਚਾਰਿਆ ਪਦਵੀ ਨਾ ਸ਼ੁਸੋਭਿਤ ਕੀਤਾ ਗਿਆ ਅਤੇ ਆਪ ਸ਼੍ਰੀ ਅਚਾਰਿਆ ਸ਼੍ਰੀਮਦ ਵਿਜੇ ਨੰਦ ਸੂਰੀ ਦੇ ਨਾਉ ਨਾਲ ਪ੍ਰਸ਼ਿੱਧ ਹੋਏ।

ਆਪ ਸ਼੍ਰੀ ਨੇ ਉਂਝ ਤਾਂ ਸਮੁਚੇ ਭਾਰਤ ਵਿੱਚ ਹੀ ਘੁੰਮ ਕੇ ਧਰਮ ਪ੍ਰਚਾਰ ਕੀਤਾ, ਪਰ ਪੰਜਾਬ ਨੂੰ ਅਪਣੇ ਪ੍ਰਚਾਰ ਦਾ ਕੇਂਦਰ ਬਣਾਇਆ। ਇੱਥੇ ਸਿੱਖਿਆ ਦੇ ਪ੍ਰਚਾਰ ਵਿੱਚ, ਗਿਆਨ ਦੇ ਪ੍ਰਸਾਰ ਵਿੱਚ, ਅਤੇ ਸਮਾਜ ਵਿੱਚ

ਜਾਗਰਤੀ ਦੀ ਲਹਿਰ ਪੈਦਾ ਕਰਨ ਵਿੱਚ ਆਪ ਸ਼੍ਰੀ ਨੇ ਅਦੁਤੀ ਕੰਮ ਕੀਤਾ। ਆਪ ਸ਼੍ਰੀ ਦੀ ਪ੍ਰੇਰਨਾ ਨਾਲ ਅਨੇਕਾਂ ਥਾਵਾਂ ਤੇ ਮੰਦਿਰਾਂ ਦੀ ਮੁਰੰਮਤ ਹੋਈ ਅਤੇ ਨਵੇਂ ਨਵੇਂ ਮੰਦਿਰਾਂ ਦੀ ਸਥਾਪਨਾ ਹੋਈ। ਆਪ ਸ਼੍ਰੀ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਅਨੇਕਾਂ ਗ੍ਰੰਥ ਵੀ ਲਿਖੇ। ਜਿਸ ਤੋਂ ਆਪ ਦੇ ਸ਼ਾਸਤਰ ਗਿਆਨ ਦਾ ਪਤਾ ਚਲਦਾ ਹੈ।

ਆਪ ਸ਼੍ਰੀ ਨੇ ਲਗਭਗ 60 ਸਾਲ ਦੀ ਉਮਰ ਪੂਰੀ ਕਰਕੇ ਵਿਕਰਮ ਸੰਮਤ 1952 (1895 ਈ.) ਜੇਠ ਸੁਧੀ 7ਵੀਂ ਦੀ ਰਾਤ ਨੂੰ ਪੰਜਾਬ ਦੇ ਪ੍ਰਸ਼ਿਧ ਸ਼ਹਿਰ ਗੁਜਰਾਂਵਾਲਾ (ਵਰਤਮਾਨ ਵਿੱਚ ਪਾਕਿਸਤਾਨ) ਦੇਵਲੋਕ ਪ੍ਰਾਪਤ ਕੀਤਾ। ਆਪ ਨੇ ਬਹੁਤ ਛੋਟੇ ਜੀਵਨ ਕਾਲ ਵਿੱਚ ਇੱਕ ਇਤਿਹਾਸ ਦਾ ਨਿਰਮਾਨ ਕੀਤਾ ਅਤੇ ਸਮੇਂ ਦੀ ਧਾਰ ਨੂੰ ਬਦਲ ਕੇ ਰੱਖਿਆ। ਅਜਿਹੇ ਸੱਚੇ, ਦ੍ਰਿੜ ਸੰਕਲਪੀ ਅਤੇ ਜੇਤੂ ਸਾਹਸ ਦੇ ਧੰਨੀ ਸ਼ਖਸਿਅਤ ਸਦੀਆਂ ਤੋਂ ਬਾਅਦ ਹੀ ਜਨਮ ਲੈਂਦੀ ਹੈ।

# ਯੁਗਪੁਰਸ਼ ਅਚਾਰਿਆ ਸ਼੍ਰੀਮਦ ਵਿਜੇ ਵਲੱਭ ਸੂਰੀ:

ਕਈ ਸਦੀਆਂ ਤੋਂ ਅਜਿਹਾ ਯੁਗ ਪੁਰਸ਼ ਸੰਤ ਪੈਦਾ ਹੋਇਆ ਜਿਸ ਨੇ ਸਮੁਚੇ ਭਾਰਤ ਵਿੱਚ ਜੈਨ ਧਰਮ ਦੀ ਚੋਮੁੱਖੀ ਪ੍ਰਸਾਰ ਕੀਤਾ।

ਅਪਣੇ ਪਵਿੱਤਰ ਚਰਿੱਤਰ ਅਤੇ ਮਹਾਨ ਪ੍ਰਤਿਭਾ ਦੇ ਰਾਹੀਂ ਇਕ ਅਜਿਹਾ ਦੀਪ, ਜੋ ਸੂਰਜ ਤੋਂ ਜ਼ਿਆਦਾ ਚਮਕ ਰੂਪ ਧਾਰਨ ਕਰਨ ਵਾਲੇ ਸ਼੍ਰੀਮਦ ਵਿਜੇ ਵਲੱਭ ਸੂਰੀ ਦਾ ਜਨਮ ਗੁਜਰਾਤ ਦੇ ਬਡੋਦਾ ਵਿਖੇ ਵਿਕਰਮ ਸੰਮਤ 1927 ਕੱਤਕ ਸੁਧੀ 2 (ਭਾਈ ਦੂਜ) ਨੂੰ ਸ਼੍ਰੀਮਾਲੀ ਜੈਨ ਪਰਿਵਾਰ ਵਿੱਚ ਹੋਇਆ। ਇਸ ਬੁੱਧੀਮਾਨ ਬਾਲਕ ਦੇ ਜੀਵਨ ਵਿੱਚ ਉਦੋਂ ਇਕ ਕ੍ਰਾਂਤੀਕਾਰੀ ਪਰਿਵਰਤਨ ਆਇਆ ਜਦ ਉਸ ਨੇ ਅਚਾਰਿਆ ਸ਼੍ਰੀਮਦ ਵਿਜੇ ਨੰਦ ਸੂਰੀ ਦਾ ਭਗਤੀ ਅਤੇ ਵੈਰਾਗ ਰਸ ਵਾਲਾ ਪਹਿਲਾ ਪ੍ਰਵਚਨ ਸੁਣਿਆ, ਬਾਲਕ ਛਗਨ ਅਚਾਨਕ ਹੀ ਸੰਸਾਰਿਕ ਸੁਖਾਂ ਤੋਂ ਮੂੰਹ ਮੋੜ ਕੇ ਤਿਆਗ ਦੇ ਕਠੋਰ ਮਾਰਗ ‘ਤੇ ਚੱਲਣ ਲਈ ਪੇਸ਼ ਹੋਇਆ। ਵਿਕਰਮ ਸੰਮਤ 1944 ਵਿਸ਼ਾਖ ਸ਼ੁਕਲਾ 13 ਨੂੰ ਰਾਧਨ ਪੁਰ ਵਿੱਚ ਅਚਾਰਿਆ ਸ਼੍ਰੀ ਦੇ ਚਰਨਾ ਵਿੱਚ ਦੀਖਿਆ ਗ੍ਰਹਿਣ ਕਰ ਲਈ।

ਅਪ ਦੀ ਮਾਨ ਸ਼ਖਸਿਅਤ, ਪ੍ਰਭਾਵਸ਼ਾਲੀ ਬੁਲਾਰੇ, ਕਲਾ ਸੰਜਮ ਵਿੱਚ ਦ੍ਰਿੜ ਹੋਣ ਦੇ ਨਾਲ ਆਪ ਪਰਉਪਕਾਰੀ, ਰੂਚੀ, ਸੰਗਠਣ, ਏਕਤਾ ਦੀ ਪ੍ਰੇਰਣਾ ਅਤੇ ਸੁੰਦਰ ਤੇ ਵਿਸ਼ਾਲ ਸ਼ਖਸਿਅਤ ਦੇ ਕਾਰਨ, ਆਪ ਸਮੁਚੇ ਜੈਨ ਸਮਾਜ ਦੀਆਂ ਨਜ਼ਰਾਂ ਵਿੱਚ ਆ ਗਏ। ਵਿਕਰਮ ਸੰਮਤ 1981 ਨੂੰ ਲਾਹੋਰ (ਪਾਕਿਸਤਾਨ) ਵਿੱਚ ਆਪ ਨੂੰ ਅਚਾਰਿਆ ਪਦ ਦਿੱਤਾ ਗਿਆ। ਅਚਾਰਿਆ ਬਣਨ ਤੋਂ ਬਾਅਦ ਉਨ੍ਹਾਂ ਨੇ ਸਾਰੇ ਭਾਰਤ ਦੀ ਪੈਦਲ ਯਾਤਰਾਵਾਂ ਕੀਤੀਆਂ। ਉਸ ਸਮੇਂ ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ ਅਤੇ ਉਨ੍ਹਾਂ ਦੇ ਸਮੇਂ ਅਣਪੜਤਾ, ਅੰਧਵਿਸ਼ਵਾਸ ਅਤੇ ਆਪਸੀ ਫੁੱਟ ਕਾਰਨਾਂ ਤੋਂ ਜੈਨ ਸਮਾਜ ਦੀ ਸ਼ਕਤੀ ਖਿਲਰੀ ਹੋਈ ਸੀ। ਆਪ ਨੇ ਅਪਣੇ ਪ੍ਰਭਾਵਸ਼ਾਲੀ ਪ੍ਰਵਚਨਾ ਰਾਹੀਂ ਸਿਖਿਆ ਪ੍ਰਚਾਰ ਅਤੇ ਕੋਮੀ ਜਾਗਰਤੀ, ਸਵਦੇਸ਼ੀ ਪ੍ਰੇਮ ਅਤੇ ਏਕਤਾ ਤੇ ਅਨੋਖਾ ਬਲ ਦਿੱਤਾ ਇਸ ਕਾਰਨ ਜੈਨ ਅਚਾਰਿਆ ਹੋ ਕੇ ਵੀ ਆਪ ਕੌਮੀ ਨੇਤਾ ਦੇ ਰੂਪ ਵਿੱਚ ਆਪ ਦਾ ਸਾਰੇ

ਦੇਸ਼ ਵਿੱਚ ਸਨਮਾਨ ਵੱਧਿਆ, ਵਿਕਰਮ ਸੰਮਤ 2011 (22 ਸਤੰਬਰ 1954 ਈ.) ਅੱਸੂ ਬਦੀ 10 ਦੀ ਰਾਤ ਨੂੰ ਮੁੰਬਈ ਮਹਾ ਨਗਰੀ ਵਿੱਚ ਸਵਰਗਵਾਸ ਹੋ ਗਿਆ। ਆਪ ਦੇ ਸਵਰਗਵਾਸ ਦੇ ਸਮਾਚਾਰ ਤੋਂ ਜੈਨ ਸਮਾਜ ਹੀ ਨਹੀਂ ਸਗੋਂ ਸਾਰਾ ਦੇਸ਼ ਦੁੱਖੀ ਹੋ ਗਿਆ। ਆਪ ਦੀ ਅੰਤਮ ਸ਼ੋਭਾ ਯਾਤਰਾ ਵਿੱਚ ਸਾਰੇ ਜੈਨ ਸਮਾਜ ਦੇ ਫਿਰਕੀਆਂ ਤੋਂ ਛੁੱਟ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਪਾਰਸੀ ਆਦਿ ਹੋਰ ਧਾਰਮਿਕ ਫਿਰਕੀਆਂ ਦੇ ਹਜ਼ਾਰਾਂ ਲੋਕ ਸ਼ਾਮਲ ਹੋਏ।

ਆਪ ਨੇ ਸਾਰੀ ਜਿੰਦਗੀ ਸਮਾਜ ਵਿੱਚ ਸਿਖਿਆ, ਇਸਤਰੀ ਸਨਮਾਨ, ਦਹੇਜ ਪ੍ਰਥਾ ਦਾ ਵਿਰੋਧ, ਦੇਸ਼ ਪ੍ਰੇਮ, ਕੋਮੀ ਚਰਿੱਤਰ ਨਿਰਮਾਨ, ਟਰਸਟੀਸ਼ਿਪ ਸਿਧਾਂਤ, ਸਿਖਿਆ ਪ੍ਰਸਾਰ ਅਤੇ ਸੰਗਠਨ, ਏਕਤਾ ਆਦਿ ਕੋਮੀ ਚੇਤਨਾ ਦੇ ਵਿਸ਼ੀਆਂ ਤੇ ਜਿਸ ਪ੍ਰਭਾਵਸ਼ਾਲੀ ਜਨਭਾਵਨਾ ਦਾ ਨਿਰਮਾਨ ਕੀਤਾ ਅਤੇ ਰਚਨਾਤਮਕ ਕਾਰਜ ਕੀਤੇ ਅਜਿਹੇ ਕਾਰਜ ਹਜ਼ਾਰਾਂ ਸਾਲਾਂ ਦੇ ਇਤਿਹਾਸ ਵਿੱਚ ਸੋਨੇ ਦੀ ਲਕੀਰ ਦੀ ਤਰ੍ਹਾਂ ਹਨ।

ਆਪ ਜੀ ਦੇ ਇਹ ਵਿਚਾਰ ਆਪ ਦੀ ਖੁੱਲਦਿਲੀ ਵਾਲੇ ਚਿੰਤਨ ਸ਼ੈਲੀ ਦੇ ਪ੍ਰਤੀਕ ਹਨ, "ਮੈਂ ਨਾ ਜੈਨ ਹਾਂ, ਨਾ ਬੁੱਧ ਹਾਂ, ਨਾ ਵੈਸ਼ਨਵ, ਨਾ ਸ਼ੈਵ, ਨਾ ਹਿੰਦੂ, ਨਾ ਮੁਸਲਮਾਨ"।

"ਮੈਂ ਤਾਂ ਵੀਤਰਾਗ ਪਰਮਾਤਮਾ ਦੀ ਖੋਜ ਦੇ ਰਾਹ ਤੇ ਚੱਲਣ ਵਾਲਾ ਮਨੁਖ ਹਾਂ ਯਾਤਰੀ ਹਾਂ"।

## ਸਮਤਾਮੂਰਤੀ ਅਚਾਰਿਆ ਸ਼੍ਰੀਮਦ ਵਿਜੈ ਸਮੁੰਦਰ ਸੂਰੀ:

ਰਾਜਸਥਾਨ ਦੀ ਪ੍ਰਾਚੀਨ ਧਰਮ ਨਗਰੀ ਪਾਲੀ ਵਿੱਚ ਵਿਕਰਮ ਸੰਮਤ 1948 ਮੱਘਰ ਸੁਦੀ 11 ਨੂੰ ਆਪ ਦਾ ਜਨਮ ਹੋਇਆ। ਆਪ ਦੇ ਪਿਤਾ ਸ਼੍ਰੀ ਸ਼ੋਭਾ ਚੰਦ ਜੀ ਬਾਗਰੇਚਾ ਅਤੇ ਮਾਤਾਸ਼੍ਰੀ ਧਾਰਨੀ ਨੇ ਆਤਮ ਸੁੱਖ ਦਾ ਭੇਦ ਪਾਉਣ ਵਾਲੇ ਇਸ ਹੋਨਹਾਰ ਪੁੱਤਰ ਦਾ ਨਾਉ ਸੁਖਰਾਜ ਰੱਖਿਆ। ਇਸ ਨੂੰ ਪਿਛਲੇ ਜਨਮ ਦੇ ਅਗਿਆਤ ਸੰਸਕਾਰ ਹੀ ਮੰਨਣਾ ਚਾਹਿਦਾ ਹੈ ਕਿ ਬਚਪਨ ਤੋਂ ਹੀ ਖੇਡ, ਖਾਨਪੀਣ ਜੇਹੀ ਬੱਚਿਆਂ ਵਾਲੀ ਸਹਿਜ ਆਦਤ ਤੋਂ ਉਦਾਸੀਨ ਰਹਿੰਦੇ ਅਤੇ ਜਿਨ ਭਗਤੀ ਜਿਨ ਪੂਜਾ ਗੁਰੂ ਸੇਵਾ ਅਤੇ ਸ਼ਾਸਤਰ ਸਵਾਧਿਆਏ ਜਿਹੀਆਂ ਉੱਚ ਪ੍ਰਵਿਰਤੀਆਂ ਵਿੱਚ ਲੀਨ ਰਹਿੰਦੇ ਸਨ।

18 ਸਾਲ ਦੀ ਉਮਰ ਵਿੱਚ ਆਪ ਨੇ ਸ਼੍ਰੀ ਸਿਧਾਚਲ ਮਹਾਤੀਰਥ ਦੀ ਯਾਤਰਾ ਕਰ ਰਹੇ ਸਨ ਤੱਦ ਸਤਸੰਗ ਦੇ ਪ੍ਰਭਾਵ ਆਪ ਦੇ ਹਿਰਦੇ ਵਿੱਚ ਵੈਰਾਗ ਦਾ ਬੀਜ਼ ਫੁਟਿਆ। ਸਿੱਟੇ ਵਜੋਂ ਵਿਕਰਮ ਸੰਮਤ 1967 ਫੱਗਨ ਵਦੀ 6 ਐਤਵਾਰ ਦੇ ਦਿਨ ਸ਼ੁਭ ਮਹੁਰਤ ਵਿੱਚ ਪੰਜਾਬ ਕੇਸ਼ਰੀ ਸ਼੍ਰੀਮਦ ਅਚਾਰਿਆ ਸ਼੍ਰੀ ਵਿਜੇ ਭਲੱਵ ਸੂਰੀਸ਼ਵਰ ਜੀ ਮਹਾਰਾਜ ਦੇ ਪਵਿੱਤਰ ਹੱਥਾਂ ਨਾਲ ਸਾਧੂ ਜੀਵਨ ਗ੍ਰਹਿਣ ਕੀਤਾ। ਆਪ ਦਾ ਨਾਉ ਮੁਨੀ ਸਮੁੰਦਰ ਵਿਜੇ ਰੱਖਿਆ।

ਆਪ ਦੀ ਯੋਗਤਾ ਸ਼ਖਸਿਅਤ ਅਤੇ ਆਤਮਕ ਦ੍ਰਿਸ਼ਟੀ ਨੇ ਆਪ ਦੇ ਵਿਕਾਸ਼ ਦਾ ਮਾਰਗ ਪੱਧਰਾ ਕੀਤਾ। ਆਪ ਗਣੀ ਪੱਦ, ਪਨਿਆਸ ਪਦ ਅਤੇ ਫੇਰ ਉਪਾਧਿਆਏ ਪਦ ਦੀ ਸੋਭਾ ਵਧਾਉਣ ਤੋਂ ਬਾਅਦ ਵਿਕਰਮ ਸੰਮਤ 2009 ਨੂੰ ਪੰਜਾਬ ਕੇਸ਼ਰੀ ਸ਼੍ਰੀ ਵਿਜੇ ਵਲੱਭ ਸੂਰੀ ਜੀ ਮਹਾਰਾਜ ਨੇ ਅਚਾਰਿਆ ਪਦ ਨਾਲ ਸੰਨਮਾਨਤ ਕੀਤਾ। ਮੁਨੀ ਸਮੁੰਦਰ ਵਿਜੇ, ਵਿਜੇ ਸਮੁੰਦਰ ਸੂਰੀ ਦੇ ਨਾਉ ਨਾਲ ਪ੍ਰਸ਼ਿਧ ਹੋਏ।

ਆਪ ਨੇ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਿਧਾਤਾਂ ਨਾਲ ਅਹਿੰਸਾ ਦਾ ਅਰਥ ਸਮਝਾ ਕੇ ਪੰਜਾਬ ਵਿੱਚ

ਸਾਰੇ ਸਕੂਲਾਂ ਵਿੱਚ ਕੀਤੇ ਜਾਣ ਵਾਲੇ ਅੰਡਾ ਵੰਡ ਦਾ ਪ੍ਰੋਗਰਾਮ ਬੰਦ ਕਰਵਾਇਆ।

ਪਰਮ ਪੂਜਯ ਅਚਾਰਿਆ ਸ਼੍ਰੀਮਦ ਵਿਜੇ ਵਲੱਭ ਸੂਰੀ ਜੀ ਮਹਾਰਾਜ ਦੀ ਜਨਮ ਸਤਾਬਦੀ ਸਮੇਂ ਆਪ ਨੇ ਬੜੋਦਾ ਵਿੱਚ ਵਿਜੇ ਵਲੱਭ ਸਾਰਵਜਨਿਕ ਹਸਪਤਾਲ, ਅਤੇ ਨਾਲਾ ਸੋਪਾਰਾ ਮੁੰਬਈ ਵਿੱਚ ਆਤਮ ਵਲੱਭ ਨਗਰ ਦਾ ਨਿਰਮਾਨ ਆਪ ਜੀ ਦੀ ਪ੍ਰੇਰਣਾ ਨਾਲ ਪੂਰਾ ਹੋਇਆ। ਭਗਵਾਨ ਮਹਾਵੀਰ ਦੀ 2500ਵੇਂ ਨਿਰਵਾਨ ਮਹੋਤਸਵ ‘ਤੇ ਸਮੁਚੇ ਜੈਨ ਫਿਰਕੀਆਂ ਦੇ ਅਚਾਰਿਆ ਨੇ ਆਪ ਜੀ ਨੂੰ ਜਿਨ ਸ਼ਾਸਨ ਰਤਨ ਦੀ ਪਦਵੀ ਨਾਲ ਸਨਮਾਨਤ ਕੀਤਾ।

ਵਿਕਰਮ ਸੰਮਤ 2035 ਜੇਠ ਬਧੀ 8 ਨੂੰ ਮੁਰਾਦਾਬਾਦ ਵਿੱਚ ਆਪ ਜੀ ਦਾ ਸਰਗਵਾਸ ਹੋ ਗਿਆ। ਆਪ ਪਰਮ ਸ਼ਾਂਤਮੂਰਤੀ, ਗਿਆਨਵਾਨ ਰਿਸ਼ਿ ਅਤੇ ਜੈਨ ਏਕਤਾ ਅਤੇ ਸੰਗਠਨ ਦੇ ਪਹਿਰੇਦਾਰ ਸਨ।

## ਪਰਉਪਕਾਰੀ ਪਰਮ ਮਹਾਨ ਅਚਾਰਿਆ ਸ਼੍ਰੀਮਦ ਵਿਜੇ ਇੰਦਰਦਿੰਨ ਸੂਰੀ

ਆਪ ਦੀ ਅਧਿਆਤਮਕ ਆਭਾ, ਵੈਰਾਗ ਅਤੇ ਗਿਆਨ ਦੁਆਰਾ ਪ੍ਰਾਪਤ ਸ਼ਾਂਤੀ ਅਤੇ ਜੀਵਨ ਸੁਧੀ ਦੇ ਲਈ ਅਹਿੰਸਕ ਕ੍ਰਾਂਤੀ ਆਪ ਸ਼੍ਰੀ ਦੀ ਸ਼ਖਸਿਅਤ ਦੀ ਖੁਦ ਜਾਣਕਾਰੀ ਕਰਵਾਉਂਦੀ ਹੈ।

ਵਿਕਰਮ ਸੰਮਤ 1980 ਕੱਤਕ ਬਧੀ 9ਵੀਂ ਦੇ ਦਿਨ ਬੜੋਦਾ ਜ਼ਿਲ੍ਹੇ ਦੇ ਸਾਲਪੁਰਾ ਪਿੰਡ ਵਿੱਚ ਪਰਮਾਰ ਖੱਤਰੀ ਵੰਸ ਦੇ ਸ਼੍ਰੀ ਰਣਛੋਡ ਭਾਈ ਦੀ ਪਤਨੀ ਬਾਲੂ ਭੈਣ ਦੇ ਕੁੱਖ ਤੋਂ ਆਪ ਦਾ ਜਨਮ ਹੋਇਆ। ਆਪ ਦਾ ਜਨਮ ਦਾ ਨਾਉ ਮੋਹਨ ਭਾਈ ਸੀ।

ਵਿਕਰਮ ਸੰਮਤ 1998 ਵਿੱਚ ਮੁਨੀ ਸ਼੍ਰੀ ਵਿਨੈ ਵਿਜੇ ਜੀ ਮਹਾਰਾਜ ਨੇ ਆਪ ਨੂੰ ਦੀਖਿਆ ਪ੍ਰਦਾਨ ਕੀਤੀ, ਦੀਖਿਆ ਨਾਮ ਇੰਦਰ ਵਿਜੇ ਸੀ।

ਆਪ ਸ਼੍ਰੀ ਵਿਸ਼ੇਸ ਸ਼ਖਸਿਅਤ ਵਿਵਹਾਰ ਵਿੱਚ ਕੁਸ਼ਲਤਾ, ਜਿਨ ਬਾਣੀ ਦੇ ਪ੍ਰਤੀ ਡੂੰਘੀ ਸ਼ਰਧਾ ਸੰਜਮ ਪ੍ਰਤੀ ਦ੍ਰਿੜਤਾ, ਅਤੇ ਧਰਮ ਉਪਦੇਸ਼ ਵਿੱਚ ਪ੍ਰਵੀਨਤਾ ਆਦਿ ਸਾਰੇ ਗੁਣਾਂ ਤੋਂ ਪ੍ਰਭਾਵਤ ਹੋ ਕੇ ਅਚਾਰਿਆ ਸ਼੍ਰੀਮਦ ਵਿਜੇ ਸਮੁੰਦਰ ਜੀ ਮਹਾਰਾਜ ਨੇ ਵਿਕਰਮ ਸੰਮਤ 2011 ਚੇਤ ਬਧੀ 3 ਗਣੀ ਪੱਦ ਪ੍ਰਦਾਨ ਕੀਤਾ ਅਤੇ ਵਿਕਰਮ ਸੰਮਤ 2027 ਮਾਘ ਸ਼ੁਧੀ ਪੰਜਮੀ ਨੂੰ ਬੰਬਈ ਵਿੱਚ ਅਚਾਰਿਆ ਪਦ ਨਾਲ ਸਨਮਾਨਤ ਹੋਏ।

ਆਪ ਨੇ 12 ਸਾਲ ਤੱਕ ਗੁਜਰਾਤ ਦੇ ਪੰਚ ਮਹਿਲ ਅਤੇ ਬੜੋਦਾ ਜ਼ਿਲ੍ਹੇ ਵਿੱਚ ਘੁੰਮ ਕੇ ਇਕ ਲੱਖ ਤੋਂ ਵੀ ਜ਼ਿਆਦਾ ਪਰਮਾਰ ਖੱਤਰੀਆਂ ਨੂੰ ਜੈਨ ਆਚਾਰ ਵਿਚਾਰ ਰਾਹੀਂ ਜੈਨ ਬਣਾਇਆ। ਇਨ੍ਹਾਂ ਵਿੱਚੋਂ 115 ਵਿਅਕਤੀਆਂ ਨੇ ਦੀਖਿਆ ਗ੍ਰਹਿਣ ਕੀਤੀ। 75 ਪਿੰਡਾਂ ਵਿੱਚ ਜੈਨ ਮੰਦਿਰਾ ਦੀ ਉਸਾਰੀ ਹੋਈ ਅਤੇ ਧਾਰਮਿਕ ਪਾਠਸ਼ਾਲਾ ਖੋਲ੍ਹੀਆਂ ਗਈਆਂ।

ਆਪ ਸ਼੍ਰੀ ਨੇ ਜੀਵਨ ਭਰ ਆਪਣੇ ਗੁਰੂ ਦੇਵ ਦੇ ਆਦਰਸ਼ਾਂ ਦੇ ਅਨੁਸਾਰ ਜਗ੍ਹਾ ਜਗ੍ਹਾ ‘ਤੇ ਜੈਨ ਮੰਦਿਰਾਂ ਦਾ ਨਿਰਮਾਨ, ਮੁਰੰਮਤ ਅਤੇ ਸਿਖਿਆ ਸੰਸਥਾਵਾਂ ਦੀ ਸਥਾਪਨਾ ਹਸਪਤਾਲ ਆਦਿ ਦੀ ਉਸਾਰੀ ਲਈ ਵਿਸ਼ੇਸ ਪ੍ਰੇਰਣਾ ਦੇ ਕੇ

ਸਮਾਜ ਵਿੱਚ ਜਿਨ ਭਗਤੀ, ਸਿਖਿਆ ਅਤੇ ਲੋਕ ਸੇਵਾ ਦੇ ਲਈ ਇਕ ਨਵੇਂ ਵਾਤਾਵਰਨ ਦਾ ਨਿਰਮਾਨ ਕੀਤਾ।

ਅਚਾਰਿਆ ਸ਼੍ਰੀ ਵਿਜੇ ਵਲੱਭ ਸ਼ੂਰੀਵਰ ਜੀ ਮਹਾਰਾਜ ਦੀ ਦੀਖਿਆ ਸ਼ਤਾਬਦੀ ਸਮਾਰੋਹ ਵਿੱਚ ਆਪ ਸ੍ਰੀ ਦੀ ਦੇਖ ਰੇਖ ਵਿੱਚ ਦਿਲੀ ਵਿਖੇ ਹੋਇਆ। ਇਸ ਮੋਕੇ ਤੇ ਪ੍ਰਸ਼ਿਧ ਉਦਯੋਗਪਤੀ ਸ਼੍ਰੀ ਅਭੈ ਓਸਵਾਲ ਨੇ ਦੀਖਿਆ ਸਤਾਬਦੀ ਦੇ ਅਨੁਸਾਰ 100 ਲੱਖ (ਇਕ ਕਰੋੜ) ਰੁਪਈਆ ਦਾਨ ਦੇਣ ਦੀ ਘੋਸ਼ਨਾ ਕੀਤੀ। ਆਪ ਸ਼੍ਰੀ ਦੀ ਪ੍ਰੇਰਨਾ ਨਾਲ ਪੰਜਾਬ ਦੀ ਉਦਯੋਗਿਕ ਨਗਰੀ ਲੁਧਿਆਣਾ ਵਿੱਚ ਜੈਨ ਧਰਮੀ ਭਰਾਵਾਂ ਲਈ ਇਕ ਮੁਫਤ ਘਰ ਲਈ ਵਿਜੇ ਇੰਦਰ ਨਗਰ ਦਾ ਨਿਰਮਾਨ ਹੋਇਆ।

ਆਪ ਦਾ ਸਵਰਗਵਾਸ ਜਨਵਰੀ 2004 ਵਿੱਚ ਅੰਬਾਲਾ ਵਿਖੇ ਹੋਇਆ[1]।

---

ਟਿਪਨੀ:

1. ਆਪ ਦੇ ਸਵਰਗਵਾਸ ਤੋਂ ਬਾਅਦ ਆਪ ਦੀ ਧਾਰਮਿਕ ਗੱਦੀ ‘ਤੇ ਇਸ ਪੁਸਤਕ ਦੇ ਲੇਖਕ ਅਚਾਰਿਆ ਸ਼੍ਰੀ ਵਿਜੇ ਨਿਤਯਨੰਦ ਜੀ ਵਿਰਾਜਮਾਨ ਹੋਏ।

# ਵਿਚਾਰ ਅਤੇ ਆਚਾਰ (ਆਚਰਣ) ਧਰਮ

ਧਰਮ ਸ਼ਬਦ ਦਾ ਅਰਥ ਹੈ ਆਤਮਾ ਵਿੱਚ ਚੰਗੇ ਗੁਣਾਂ ਨੂੰ ਧਾਰਨ ਕਰਨ ਵਾਲੀ ਸ਼ਕਤੀ। ਆਤਮਾ ਨੂੰ ਅਪਣੇ ਸ਼ੁੱਧ - ਸਤ - ਅਨੰਤ ਸ਼ਕਤੀ ਰੂਪ ਹੋਂਦ, ਅੰਨਤ ਗਿਆਨ ਵਾਲੀ ਅਤੇ ਆਨੰਤ ਸੁੱਖ ਆਨੰਦ ਸਰੂਪ ਵਿੱਚ ਜੋ ਸਥਿਰ ਰੱਖਦਾ ਹੈ ਉਸ ਵਿਰਤੀ ਵੱਲ ਲਗਾਉਂਦਾ ਹੈ ਉਹ ਤੱਤਵ ਧਰਮ ਹੈ।

ਜੈਨ ਧਰਮ ਦਾ ਸਭ ਤੋਂ ਮਹੱਤਵਪੂਰਨ ਨਾਅਰਾ ਹੈ, ਹਰ ਜੀਵ ਆਤਮਾ ਵਿੱਚ ਪ੍ਰਮਾਤਮਾ ਬਣਨ ਦੀ ਸ਼ਕਤੀ ਹੈ। ਭਾਵ ਕੋਈ ਵੀ ਜੀਵ ਚੰਗਾ ਪੁਰਸ਼ਾਰਥ ਕਰਕੇ, ਤੱਪ, ਸੰਜਮ ਆਦਿ ਦੀ ਸਾਧਨਾ ਕਰਕੇ ਪ੍ਰਮਾਤਮਾ ਬਣ ਸਕਦਾ ਹੈ। ਸੰਸਾਰ ਦੇ ਸਾਰੇ ਧਰਮਾਂ ਵਿੱਚ ਭਗਤ ਅਤੇ ਭਗਵਾਨ ਦਾ ਭੇਦ ਦੱਸਿਆ ਗਿਆ ਹੈ। ਪਰ ਜੈਨ ਧਰਮ ਹੀ ਇੱਕ ਅਜਿਹਾ ਖੁੱਲ ਦਿਲੀ ਵਾਲਾ ਵਿਚਾਰ ਦਿੰਦਾ ਹੈ ਕਿ ਹਰ ਭਗਤ ਖੁਦ ਭਗਵਾਨ ਸਰੂਪ ਬਣ ਸਕਦਾ ਹੈ। ਉਹ ਪ੍ਰਾਣੀ ਦੇ ਸਰਵਉੱਚ ਵਿਕਾਸ਼ ਵਿੱਚ ਵਿਸ਼ਵਾਸ ਕਰਦਾ ਹੈ। ਪ੍ਰਸ਼ਿਧ ਵਿਦਵਾਨ ਵਰਨਾਰਡਸਾਹ ਦੇ ਸ਼ਬਦਾ ਵਿੱਚ, "ਸੰਸਾਰ ਵਿੱਚ ਜੈਨ ਧਰਮ ਹੀ ਇਕ ਅਜਿਹਾ ਧਰਮ ਹੈ, ਜੋ ਜੀਵ ਆਤਮਾ ਨੂੰ ਸੰਪੂਰਨ ਵਿਕਾਸ਼ ਦੀ ਸੰਭਾਵਨਾ ਸਵਿਕਾਰਦਾ ਹੈ ਅਤੇ ਉਸ ਨੂੰ ਸੰਪੂਰਨ ਵਿਕਾਸ ਦਾ ਅਧਿਕਾਰ ਵੀ ਦਿੰਦਾ ਹੈ।

## ਧਰਮ ਦੇ ਦੋ ਬੁਨਿਆਦੀ ਸਿਧਾਂਤ: ਵਿਚਾਰ ਅਤੇ ਆਚਾਰ (ਆਚਰਣ)

ਕਿਸੇ ਵੀ ਧਰਮ ਦੇ ਦੋ ਅੰਗ ਹੁੰਦੇ ਹਨ, ਵਿਚਾਰ ਅਤੇ ਆਚਾਰ। ਵਿਚਾਰ ਧਰਮ ਦੀ ਬੁਨਿਆਦ ਭੂਮੀ ਹੁੰਦੇ ਹਨ ਉਸੇ ਵਿਚਾਰ ਤੇ ਆਚਾਰ ਧਰਮ ਦਾ ਮਹਿਲ ਖੜ੍ਹਾ ਹੁੰਦਾ ਹੈ। ਵਿਚਾਰ ਅਤੇ ਆਚਾਰ ਜੈਨ ਪਰਿਭਾਸ਼ਾ ਵਿੱਚ ਗਿਆਨ ਅਤੇ ਕ੍ਰਿਆ, ਸ਼ਰੂਤ ਅਤੇ ਚਰਿੱਤਰ, ਵਿਦਿਆ ਅਤੇ ਆਚਰਣ ਨੂੰ ਕਿਹਾ ਜਾਂਦਾ ਹੈ। ਅੱਜ ਦੀ ਭਾਸ਼ਾ ਵਿੱਚ ਅਸੀਂ ਇਸ ਨੂੰ ਦਰਸ਼ਨ (ਫਿਲਾਸਫੀ) ਅਤੇ ਧਰਮ ਆਖ ਸਕਦੇ ਹਾਂ। ਹਰ ਧਰਮ ਦੀ ਬੁਨਿਆਦ ਉਸ ਦਾ ਦਰਸ਼ਨ ਹੁੰਦਾ ਹੈ। ਦਰਸ਼ਨ ਵਿੱਚ ਆਤਮਾ, ਪ੍ਰਮਾਤਮਾ - ਪਰਲੋਕ - ਜਗਤ- ਪੁਦਗਲ ਆਦਿ 'ਤੇ

ਵਿਚਾਰ ਕੀਤਾ ਜਾਂਦਾ ਹੈ। ਧਰਮ ਦੇ ਰਾਹੀਂ ਆਤਮਾ ਨੂੰ ਪ੍ਰਮਾਤਮਾ ਬਣਾਉਨ ਦਾ ਰਾਹ ਦੱਸਿਆ ਜਾਂਦਾ ਹੈ। ਜੈਨ ਧਰਮ ਦੇ ਵਿਚਾਰਾਂ ਦਾ ਮੂਲ ਹੈ ਅਨੇਕਾਂਤਵਾਦ। ਆਚਾਰ ਦਾ ਮੂਲ ਹੈ ਅਹਿੰਸਾ। ਅਨੇਕਾਂਤਵਾਦ ਅਤੇ ਅਹਿੰਸਾ ਦਾ ਆਪਸੀ ਡੂੰਘਾ ਰਿਸ਼ਤਾ ਹੈ।

ਅਨੇਕਾਂਤਵਾਦ, ਸਿਆਦਵਾਦ ਇਕ ਪ੍ਰਕਾਰ ਨਾਲ ਬੋਧਿਕ ਜਾਂ ਮਾਨਸਿਕ ਅਹਿੰਸਾ ਹੈ ਤਾਂ ਅਹਿੰਸਾ (ਜੀਵ ਹਿੰਸਾ ਤੋਂ ਛੁਟਕਾਰਾ) ਆਚਾਰ ਅਹਿੰਸਾ ਹੈ।

## ਅਨੇਕਾਂਤਵਾਦ ਦਾ ਸਰੂਪ:

ਜੈਨ ਅਚਾਰਿਆ ਦਾ ਕਥਨ ਹੈ ਕਿ ਹਰ ਵਸਤੂ ਵਿੱਚ ਅਨੇਕਾਂ ਗੁਣ ਹੁੰਦੇ ਹਨ। ਜਿਸ ਨੂੰ ਧਰਮ (ਸੁਭਾਅ) ਆਖਦੇ ਹਨ। ਇਕ ਵਸਤੂ ਵਿੱਚ ਆਪਸ ਵਿਰੋਧੀ ਗੁਣ ਵੀ ਦੇਖੇ ਜਾਂਦੇ ਹਨ। ਇਕ ਮਨੁੱਖ ਕਿਸੇ ਦਾ ਪਿਤਾ ਹੈ ਤਾਂ ਕਿਸੇ ਦਾ ਪੁੱਤਰ ਵੀ ਹੈ। ਇਕ ਗੁਰੂ ਕਿਸੇ ਦਾ ਗੁਰੂ ਹੈ ਤਾਂ ਅਪਣੇ ਗੁਰੂ ਦਾ ਚੇਲਾ ਵੀ ਹੈ। ਇਸ ਪ੍ਰਕਾਰ ਹਰ ਵਸਤੂ, ਅਨੇਕ ਧਰਮ ਵਾਲੀ ਹੁੰਦੀ ਹੈ। ਇਸ ਨੂੰ ਜੈਨ ਦਰਸ਼ਨ ਕਿਹਾ ਗਿਆ ਹੈ। ਵਸਤੂ ਦਾ ਸੁਭਾਅ ਆਨੰਤ ਧਰਮਾ ਵਾਲਾ ਹੈ। ਵਸਤੂ ਦਾ ਇਹ ਸੁਭਾਅ ਅਸੀਂ ਅਪਣੀ ਦ੍ਰਿਸ਼ਟੀ ਤੋਂ ਜਾਣ ਸਕਦੇ ਹਾਂ। ਉਸ ਦੇ ਆਪਸ ਵਿਰੋਧੀ ਗੁਣਾਂ ਨੂੰ ਇਕੋ ਸਮੇਂ ਜਾਣਨਾ ਔਖਾ ਨਹੀਂ ਹੈ। ਪਰ ਉਨ੍ਹਾਂ ਸਾਰੇ ਧਰਮਾਂ ਨੂੰ ਇਕੋ ਸਮੇਂ ਕਥਨ ਨਹੀਂ ਕੀਤਾ ਜਾ ਸਕਦਾ। ਕਥਨ ਸ਼ੈਲੀ ਸਮੇਂ ਸਿਲਸਿਲੇਵਾਰ ਇਕ ਇਕ ਗੱਲ ਆਖੀ ਜਾਂਦੀ ਹੈ।

ਵਸਤੂ ਦੇ ਅਨੇਕਾਂ ਧਰਮਾਤਮਿਕ ਸਰੂਪ ਦਾ ਗਿਆਨ ਕਰਨਾ ਅਨੇਕਾਂਤ ਹੈ, ਅਤੇ ਉਸ ਅਨੇਕ ਧਰਮਾਤਮਕ ਵਸਤੂ ਦੇ ਸਰੂਪ ਨੂੰ ਸਿਲਸਿਲਵਾਰ ਕਥਨ ਕਰਨ ਦੀ ਸ਼ੈਲੀ ਹੈ ਸਿਆਦਵਾਦ।

ਅਨੇਕਾਂਤ ਦਾ ਅਰਥ ਹੈ ਵਸਤੂ ਅਨੇਕ + ਅੰਤ ਭਾਵ ਅਨੇਕਾਂ ਧਰਮਾਂ (ਸੁਭਾਅ) ਵਾਲੀ ਹੈ।

ਸਿਆਦ ਦਾ ਅਰਥ ਹੈ, ਕਿਸੇ ਪੱਖ ਤੋਂ ਇਹ ਸੱਚ ਹੈ ਤਾਂ ਕਿਸੇ ਪੱਖ ਤੋਂ ਝੂਠ ਵੀ ਹੈ।

ਇਸ ਪ੍ਰਕਾਰ ਦੋ ਆਪਸ ਵਿਰੋਧੀ ਧਰਮਾਂ ਨੂੰ ਮੰਨਦੇ ਹੋਏ ਕਿਸੇ ਇਕ ਦਾ ਵਿਰੋਧ ਨਾ ਕਰਕੇ ਦੂਸਰੇ ਧਰਮ ਦਾ ਕਥਨ ਕਰਨਾ ਸਿਆਦਵਾਦ ਹੈ, ਕਿਉਂਕਿ ਸਿਆਦ ਸ਼ਬਦ ਤੋਂ ਬਿਨ੍ਹਾਂ ਅਸੀਂ ਕਿਸੇ ਵਸਤੂ ਦਾ ਸੰਪੂਰਨ ਰੂਪ ਵਿੱਚ ਕਥਨ ਨਹੀਂ ਕਰ ਸਕਦੇ। ਇਸ ਲਈ ਸਿਆਦ ਦਾ ਅਰਥ ਸ਼ਕ ਨਹੀਂ ਹੈ। ਪ੍ਰੰਤੂ ਕਿਸੇ ਪੱਖੋਂ ਇਸ ਪ੍ਰਕਾਰ ਵੀ ਹੈ ਅਤੇ ਕਿਸੇ ਪੱਖੋਂ ਇੰਝ ਨਹੀਂ ਹੈ ਇਹ ਭਾਵ ਹੈ।

ਇਕ ਅਧਿਆਪਕ ਨੇ ਬਲੈਕ ਬੋਰਡ 'ਤੇ ਚਾਕ ਨਾਲ ਲਕੀਰ ਖਿਚੀ ਅਤੇ ਵਿਦਿਆਰਥੀਆਂ ਤੋਂ ਪੁੱਛਿਆ, "ਇਹ ਲਕੀਰ ਵੱਡੀ ਹੈ ਜਾਂ ਛੋਟੀ"? ਸਿਆਦਵਾਦ ਦੇ ਜਾਣਕਾਰ ਵਿਦਿਆਰਥੀ ਨੇ ਕਿਹਾ, "ਇਹ ਵੱਡੀ ਵੀ ਹੈ ਅਤੇ ਛੋਟੀ ਵੀਙ। ਸਾਰੇ ਵਿਦਿਅਰਥੀ ਉਸ ਦੀ ਗੱਲ ਤੋਂ ਹੱਸਣ ਲੱਗ ਪਏ। ਇਕ ਹੀ ਲਕੀਰ ਵੱਡੀ ਵੀ ਅਤੇ ਛੋਟੀ ਵੀ ਦੋਹੇਂ ਗੱਲਾਂ ਕਿਸ ਤਰ੍ਹਾਂ ਹੋ ਸਕਦੀਆਂ ਹਨ? ਅਧਿਆਪਕ ਨੇ ਕਿਹਾ, "ਉਦਾਹਰਣ ਦੇ ਕੇ ਅਪਣੀ ਗੱਲ ਸਮਝਾਉ"। ਵਿਦਿਆਰਥੀ ਨੇ ਚਾਕ ਨਾਲ ਉਸੇ ਰੇਖਾ ਦੇ ਬਰਾਬਰ ਇਕ ਵੱਡੀ ਰੇਖਾ ਖਿੰਚੀ ਅਤੇ ਕਿਹਾ, "ਵੇਖੋ ਸ਼੍ਰੀਮਾਨ ਜੀ ਇਸ ਰੇਖਾ ਦੇ ਪੱਖੋਂ ਇਹ ਲਕੀਰ ਛੋਟੀ ਹੈ" ਫੇਰ ਉਸ ਨੇ ਅਪਣੀ ਵੱਡੀ ਰੇਖਾ ਨੂੰ ਮਿਟਾ ਕੇ ਦੂਸਰੀ ਛੋਟੀ ਰੇਖਾ ਉਸ ਦੇ ਬਰਾਬਰ ਖਿੱਚ ਦਿੱਤੀ ਅਤੇ ਕਿਹਾ, "ਇਸ ਛੋਟੀ ਰੇਖਾ ਦੇ ਪੱਖੋਂ ਇਹ ਰੇਖਾ ਵੱਡੀ ਹੈ"। ਇਸੇ ਤਰ੍ਹਾਂ ਇਕ ਹੀ ਲਕੀਰ ਛੋਟੀ ਵੀ ਹੈ ਅਤੇ ਵੱਡੀ ਵੀ ਹੈ। ਇਸ ਪੱਖੋਂ ਇਹ ਕੱਥਨ ਹੀ ਸਿਆਦਵਾਦ ਵਚਨ ਹੈ।

ਸਿਆਦਵਾਦ ਦੀ ਕਥਨ ਸ਼ੈਲੀ ਵਿੱਚ 'ਭੀ' ਦਾ ਪ੍ਰਯੋਗ ਹੁੰਦਾ ਹੈ 'ਹੀ' ਦਾ ਨਹੀਂ। 'ਹੀ' ਇਕ ਪਾਸੇ ਦਾ ਵਚਨ ਹੈ ਜਦ ਅਸੀਂ ਜੀਵਨ ਦੇ ਹਰ ਵਿਵਹਾਰ ਵਿੱਚ ਅਨੁਭਵ ਕਰਦੇ ਹਾਂ ਕਿ ਕੋਈ ਵੀ ਕਥਨ ਏਕਾਂਤ (ਇਕਲਾ) ਸੱਚ ਨਹੀਂ ਹੁੰਦਾ ਅਤੇ ਨਾ ਹੀ ਏਕਾਂਤ ਝੂਠ ਹੁੰਦਾ ਹੈ। ਇਕ ਗ੍ਰਹਿਸਥ ਬੁਰਾ ਵੀ ਹੈ ਅਤੇ ਚੰਗਾ ਵੀ, ਛੋਟਾ ਵੀ ਹੈ ਅਤੇ ਬੁਰੇ ਨੀਚ, ਦੁਰਾਚਾਰੀ ਵਿਅਕਤੀ ਦੇ ਪੱਖੋਂ ਉਹ ਭਲਾ ਹੈ ਅਤੇ ਮਹਾਨ ਹੈ।

ਇਹ ਨਿਯਮ ਸੰਪੂਰਨ ਪਦਾਰਥ ਜਗਤ ਵਿੱਚ ਫੈਲਿਆ ਹੈ। ਆਇੰਸਟਨ ਨੇ ਇਸੇ ਨੂੰ ਥਿਊਰੀ ਆਫ ਰਿਲੇਵਲਟੀ ਸਿਧਾਂਤ ਕਿਹਾ ਹੈ। ਜੈਨ ਦਰਸ਼ਨ ਵਿੱਚ ਹਜ਼ਾਰਾਂ ਸਾਲ ਪਹਿਲਾਂ ਹੀ ਇਸ ਸਿਧਾਂਤ ਦੀ ਸਥਾਪਨਾ ਹੋ ਚੁੱਕੀ ਅਤੇ ਇਸ ਦੇ

ਆਧਾਰ ਤੇ ਧਰਮ ਦਰਸ਼ਨ ਆਦਿ ਦੇ ਖੇਤਰ ਵਿੱਚ ਆਪਸੀ ਝਗੜੇ ਸ਼ਾਂਤ ਕਰਕੇ ਸੁਮੇਲ ਅਤੇ ਸ਼ਾਂਤੀ ਦੀ ਸਥਾਪਨਾ ਕੀਤੀ ਗਈ ਹੈ।

ਜੈਨ ਦਰਸ਼ਨ ਵਿੱਚ ਇਸ ਅਨੇਕਾਂਤਵਾਦ ਨੂੰ ਸਿਆਦਆਸਤੀ (ਕਿਸੇ ਪੱਖੋਂ ਹੈ) ਸਿਆਦਅਨਾਸਤੀ (ਕਿਸੇ ਪੱਖੋਂ ਨਹੀਂ ਹੈ) ਸਿਆਦਆਸਤੀ – ਨਾਸਤੀ (ਕਿਸੇ ਪੱਖੋਂ ਹੈ ਕਿਸੇ ਪੱਖੋਂ ਨਹੀਂ ਹੈ), ਇਹ ਤਿੰਨ ਪ੍ਰਕਾਰ ਨਾਲ ਆਖਿਆ ਗਿਆ ਹੈ। ਸਿਆਦਆਸਤੀ – ਦਰਯੋਦਨ ਦੇ ਪੱਖੋਂ ਭੀਮ ਜ਼ਿਆਦਾ ਸ਼੍ਰੇਸ਼ਠ ਗਧਾ ਧਾਰੀ ਸੀ, ਸਿਆਦਨਾਸਤੀ ਪਰ ਸ਼੍ਰੀ ਕ੍ਰਿਸ਼ਨ ਜਾਂ ਬਲਰਾਮ ਦੇ ਪੱਖੋਂ ਭੀਮ ਚੰਗਾ ਗਧਾ ਧਾਰੀ ਨਹੀਂ ਸੀ। ਇਸੇ ਲਈ ਅਸੀਂ ਆਖਦੇ ਹਾਂ ਕਿ ਭੀਮ ਚੰਗਾ ਗਧਾ ਧਾਰੀ ਸੀ ਵੀ ਅਤੇ ਨਹੀਂ ਵੀ। ਦੋਹਾਂ ਗੱਲਾਂ ਨੂੰ ਇਕੋ ਸਮੇਂ ਨਹੀਂ ਆਖ ਸਕਦੇ ਇਸ ਲਈ ਸਿਆਦ ਸ਼ਬਦ ਦਾ ਪ੍ਰਯੋਗ ਕਰਕੇ ਅਸੀਂ ਵਿਰੋਧੀ ਗੱਲ ਦੀ ਸੰਭਾਵਨਾ ਨੂੰ ਸਵਿਕਾਰ ਕਰਕੇ ਵੀ ਗੁਪਤ ਰੱਖਦੇ ਹਾਂ ਉਸ ਤੋਂ ਰੋਕਦੇ ਨਹੀਂ।

ਜੈਨ ਦਰਸ਼ਨ ਦਾ ਇਹ ਸਿਧਾਂਤ ਇਕ ਮੋਲਿਕ ਚਿੰਤਨ ਹੈ, ਵਿਚਾਰ ਜਗਤ ਵਿੱਚ ਆਪਸੀ ਸੰਘਰਸ਼, ਝਗੜੇ, ਕਲੇਸ਼ ਅਤੇ ਮਤਭੇਦਾਂ ਨੂੰ ਮਿਟਾਉਣ ਲਈ ਇਹ ਇਕ ਮਹੱਤਵਪੂਰਨ ਉਪਾਅ ਹੈ। ਇਸ ਨਾਲ ਹੀ ਸੰਸਾਰ ਵਿੱਚ ਬੋਧਿਕ ਅਹਿੰਸਾ, ਵਿਚਾਰਿਕ ਸੁਮੇਲ ਸਥਾਪਿਤ ਕੀਤਾ ਜਾ ਸਕਦਾ ਹੈ। ਜੈਨ ਅਚਾਰਿਆ ਨੇ ਸਿਆਦਵਾਦ 'ਤੇ ਬੜੇ ਸਰਲ ਗ੍ਰੰਥਾਂ ਦੀ ਰਚਨਾ ਕੀਤੀ ਹੈ ਅਤੇ ਨਯ ਨਿਕਸ਼ੇਪ ਆਦਿ ਅਨੇਕਾਂ ਦ੍ਰਿਸ਼ਟੀਕੋਣਾਂ ਤੋਂ ਇਸ ਅਨੇਕਾਂਤ ਵਿਚਾਰਧਾਰ ਦਾ ਸਿਧਾਂਤਿਕ ਸਵਰੂਪ ਸਥਾਪਤ ਕੀਤਾ ਹੈ।

## ਅਹਿੰਸਾ ਦਾ ਪ੍ਰਸ਼ਿੱਧ ਸਿਧਾਂਤ:

ਭਗਵਾਨ ਮਹਾਵੀਰ ਨੇ ਅਪਣੇ ਉਪਦੇਸ਼ ਵਿੱਚ ਕਿਹਾ ਹੈ, "ਸੰਸਾਰ ਦੇ ਸਾਰੇ ਜੀਵ ਜਿਉਂਣਾ ਚਾਹੁੰਦੇ ਹਨ, ਮਰਨਾ ਕੋਈ ਨਹੀਂ ਚਾਹੁੰਦਾ ਸਭ ਨੂੰ ਜਿੰਦਗੀ ਪਿਆਰੀ ਹੈ ਇਸ ਲਈ ਕਿਸੇ ਵੀ ਪ੍ਰਾਣੀ ਦੇ ਪ੍ਰਾਣ ਲੈਣਾ ਉਸ ਨੂੰ ਦੁੱਖ ਦੇਣਾ ਕਸ਼ਟ ਪਹੁੰਚਾਉਣਾ ਇਹ ਘੋਰ ਪਾਪ ਹੈ, ਹਿੰਸਾ ਹੈ, ਇਸ ਦੇ ਸਿੱਟੇ ਵਜੋਂ ਆਪਸੀ ਬੈਰ ਕੜਵਾਹਟ, ਅਤੇ ਦਵੇਸ਼ ਵਿੱਚ ਵਾਧਾ ਹੁੰਦਾ ਹੈ।

ਜਿਸ ਪ੍ਰਕਾਰ ਅਸੀਂ ਸੰਸਾਰ ਵਿੱਚ ਸੁੱਖ, ਸ਼ਾਂਤੀ, ਪ੍ਰੇਮ ਅਤੇ ਸਦਭਾਵ ਚਾਹੁੰਦੇ ਹਾਂ ਉਸੇ ਪ੍ਰਕਾਰ ਸਾਰੇ ਜੀਵ ਚਾਹੁੰਦੇ ਹਨ ਇਸੇ ਲਈ ਕਿਸੇ ਜੀਵ ਦੀ ਹਿੰਸਾ ਨਾ ਕਰਨਾ ਹੀ ਜੈਨ ਧਰਮ ਦਾ ਪ੍ਰਮੁੱਖ ਸਿਧਾਂਤ ਅਹਿੰਸਾ ਹੈ।

ਧਰਮ ਦਾ ਸਵਰੂਪ ਦੱਸਦੇ ਹੋਏ ਕਿਹਾ ਗਿਆ ਹੈ, ਧਰਮ ਸੰਸਾਰ ਵਿੱਚ ਮੰਗਲ ਕਰਦਾ ਹੈ। ਉਸ ਦੇ ਤਿੰਨ ਅੰਗ ਹਨ, 1. ਅਹਿੰਸਾ, 2. ਸੰਜਮ, 3. ਤੱਪ।

ਅਹਿੰਸਾ ਦਾ ਅਰਥ ਕੇਵਲ ਅਹਿੰਸਾ ਜਾਂ ਕਿਸੇ ਦੇ ਪ੍ਰਾਣ ਦਾ ਘਾਤ ਕਰਨਾ ਨਹੀਂ, ਸਗੋਂ ਮਨ ਰਾਹੀਂ, ਵਚਨ ਰਾਹੀਂ, ਕਿਸੇ ਨੂੰ ਦੁੱਖ ਦੇਣਾ, ਕਿਸੇ ਦਾ ਮਾੜਾ ਨਾ ਸੋਚਨਾ ਅਤੇ ਕੋੜਾ ਕਠੋਰ ਮਾੜਾ ਵਚਨ ਨਾ ਬੋਲਣਾ ਇਹ ਵੀ ਅਹਿੰਸਾ ਦੀ ਹੱਦ ਵਿੱਚ ਹੀ ਆਉਂਦਾ ਹੈ।

ਅਹਿੰਸਾ ਵਰਤ ਦੀ ਸਾਧਨਾ ਦੇ ਲਈ ਸੱਚ, ਚੋਰੀ ਨਾ ਕਰਨਾ, ਬ੍ਰਹਮਚਰਜ, ਅਤੇ ਅਪਰਿਗ੍ਰਹਿ ਵਰਤਾਂ ਦਾ ਵਿਧਾਨ ਕੀਤਾ ਗਿਆ ਹੈ। ਇਹ ਪੰਜ ਮਹਾਂ ਵਰਤ ਮਿਲਕੇ ਹੀ ਸੰਪੂਰਨ ਅਹਿੰਸਾ ਧਰਮ ਦੀ ਅਰਾਧਨਾ ਹੁੰਦੀ ਹੈ। ਜੈਨ ਮੁਨੀ ਇਨ੍ਹਾਂ ਪੰਜ ਮਹਾਂ ਵਰਤਾਂ ਦਾ ਪੂਰਨ ਰੂਪ ਵਿੱਚ ਪਾਲਣ ਕਰਦੇ ਹਨ। ਇਸ ਲਈ ਉਨ੍ਹਾਂ ਦੇ ਲਈ ਇਹ ਪੰਜ ਮਹਾਂ ਵਰਤ ਅਖਵਾਉਂਦੇ ਹਨ। ਜੈਨ ਘਰਿਸ਼ਤ ਅਪਣੀ ਸ਼ਕਤੀ ਦੇ ਅਨੁਸਾਰ, ਹਾਲਾਤ ਦੇ ਅਨੁਸਾਰ, ਇਨ੍ਹਾਂ ਦਾ ਪਾਲਣ ਕਰਦਾ ਹੈ। ਇਸ ਲਈ ਘਰਿਸਤ ਦੇ ਲਈ ਇਨ੍ਹਾਂ ਨੂੰ ਪੰਜ ਅਣੂਵਰਤ ਆਖਿਆ ਗਿਆ ਹੈ।

## ਸੰਜਮ ਸਾਧਨਾ:

ਸੰਜਮ ਆਤਮਾ ਦੀ ਇਕ ਸ਼ਕਤੀ ਹੈ। ਸੰਜਮ ਅਧਿਆਤਮਕ ਜੀਵਨ ਦੀ ਬੁਨਿਆਦ ਹੈ। ਬਿਨ੍ਹਾ ਸੰਜਮ ਦੇ ਮਨੁੱਖ ਦੀ ਮਨੁੱਖਤਾ ਜਿੰਦਾ ਨਹੀਂ ਰਹਿ ਸਕਦੀ। ਸੰਜਮ ਵਿੱਚ ਅਜ਼ਾਦੀ ਤਾਂ ਰਹਿ ਸਕਦੀ ਹੈ ਖੁਲਾਪਣ ਨਹੀਂ। ਜੇ ਸਰੀਰ ਦੀਆਂ ਭੌਤਿਕ ਜ਼ਰੂਰਤਾਂ ‘ਤੇ ਅਧਿਆਤਮਕ ਸ਼ਕਤੀ ਰਾਹੀਂ ਰੋਕਿਆ ਨਾ ਜਾਵੇ ਤਾਂ ਮਨੁੱਖ ਵਿੱਚ ਵਹਿਸ਼ੀਪੁਨਾ ਸ਼ਾਮਲ ਹੋ ਸਕਦਾ ਹੈ। ਇਸ ਪ੍ਰਕਾਰ ਮਨ ਅਤੇ ਬੁੱਧੀ ਤੇ ਵੀ ਕਾਬੂ ਕਰਨ ਦੀ ਜ਼ਰੂਰਤ ਹੈ। ਬਿਨ੍ਹਾਂ ਅਹਿੰਸਾ ਦੇ ਜੀਵਨ

ਵਿੱਚ ਮਿਠਾਸ ਨਹੀਂ ਆਉਂਦੀ ਅਤੇ ਬਿਨ੍ਹਾਂ ਸੰਜਮ ਦੇ ਅਹਿੰਸਾ ਦਾ ਆਚਰਨ ਨਹੀਂ ਹੋ ਸਕਦਾ। ਇਸ ਲਈ ਅਹਿੰਸਾ ਦੇ ਲਈ ਸੰਜਮ ਬਹੁਤ ਜ਼ਰੂਰੀ ਹੈ।

ਇੰਦਰੀਆਂ ਦੇ ਯੋਗ ਵਿਸ਼ਿਆਂ ਵਿੱਚੋ ਠੀਕ ਵਿੱਚ ਰਾਗ ਅਤੇ ਗਲਤ ਵਿੱਚ ਦਵੇਸ਼ ਪੈਦਾ ਹੋ ਜਾਂਦਾ ਹੈ। ਲਗਾਉ, ਅਤੇ ਘ੍ਰਿਣਾ ਦੋਹੇਂ ਮਨ ਦੇ ਵਿਕਾਰ ਹਨ। ਵਿਕਾਰਾਂ ਨੂੰ ਨਸ਼ਟ ਕਰਨ ਦੇ ਲਈ ਵਿਚਾਰ ਜ਼ਰੂਰੀ ਹੈ। ਸ਼ੁੱਧ ਵਿਚਾਰ ਹੀ ਤਾਂ ਸੱਚਾ ਸੰਜਮ ਹੈ, ਜੀਵਨ ਨੂੰ ਸੇਹਤਮੰਦ, ਸੁੰਦਰ ਅਤੇ ਸੁੱਖੀ ਬਣਾਉਨ ਦੇ ਲਈ ਸੰਜਮ ਦੀ ਬਹੁਤ ਜ਼ਰੂਰਤ ਹੈ। ਕਿਉਂਕਿ ਬਿਨ੍ਹਾਂ ਸੰਜਮ ਦੇ ਉੱਚ ਦਰਜੇ ਦਾ ਕਰਮ, ਚੰਗੇ ਕਰਮ ਨਹੀਂ ਕੀਤੇ ਜਾ ਸਕਦੇ। ਸੰਜਮ ਜੈਨ ਧਰਮ ਅਤੇ ਸੰਸਕ੍ਰਿਤੀ ਦੀ ਆਤਮਾ ਹੈ।

## ਧਰਮ ਦਾ ਮੂਲ ਬੀਜ਼ ਤੱਪ:

ਧਰਮ ਦਾ ਮੂਲ ਬੀਜ਼ ਤੱਪ ਹੈ, ਅਹਿੰਸਾ ਦੀ ਸਾਧਨਾ ਦੇ ਲਈ ਸੰਜਮ ਜ਼ਰੂਰੀ ਹੈ ਅਤੇ ਸੰਜਮ ਦੀ ਸੁਰੱਖਿਆ ਦੇ ਲਈ ਤੱਪ। ਤੱਪ ਦੀ ਸਾਧਨਾ ਕਰਨ ਵਾਲਾ ਅਹਿੰਸਾ ਅਤੇ ਸੰਜਮ ਦੀ ਸਾਧਨਾ ਕਰੇਗਾ ਹੀ। ਤੱਪ ਕੀ ਹੈ? ਉਹ ਆਤਮਾ ਦਾ ਇੱਕ ਤੇਜ਼ ਹੈ, ਆਤਮਾ ਦਾ ਦਿਵਯ ਪ੍ਰਕਾਸ਼ ਹੈ, ਤੱਪ ਦਾ ਅਰਥ ਨਾ ਤਾਂ ਭੁੱਖਾ ਮਰਨਾ ਹੈ ਨਾ ਸਰੀਰ ਨੂੰ ਸੁਕਾਣਾ ਹੈ। ਤੱਪ ਦਾ ਅਸਲ ਅਰਥ ਹੈ ਅਪਣੀਆਂ ਵਾਸਨਾਵਾਂ ਨੂੰ ਕਾਬੂ ਕਰਨਾ ਅਤੇ ਅਪਣੀਆਂ ਇਛਾਵਾਂ ਦਾ ਮਾਲਕ ਬਣਨਾ। ਬਿਨ੍ਹਾਂ ਤੱਪ ਦੇ ਜਿੰਦਗੀ ਤੇਜ਼ਵਾਨ ਨਹੀਂ ਬਣ ਸਕਦੀ, ਵਾਸਨਾ ਵਾਲਾ ਜੀਵਨ ਧਰਮ ਦੀ ਅਰਾਧਨਾ ਕਰਨ ਵਿੱਚ ਹਮੇਸ਼ਾ ਅਸਫਲ ਸਿੱਧ ਹੁੰਦਾ ਹੈ। ਅਸਲ ਵਿੱਚ ਤੱਪ ਰਹਿਤ ਜੀਵਨ ਧਰਮ ਨੂੰ ਧਾਰਨ ਨਹੀਂ ਕਰ ਸਕਦਾ। ਇਸ ਲਈ ਤੱਪ ਜੀਵਨ ਸ਼ੁਧੀ ਦਾ ਇਕ ਵਿਸ਼ੇਸ ਤੱਤਵ ਹੈ। ਕਸ਼ਟ ਸਹਿਣਾ ਮਨ ਤੇ ਕਾਬੂ ਕਰਨਾ, ਅਤੇ ਵਾਸਨਾ ਤੇ ਕਾਬੂ ਕਰਨਾ ਹੀ ਅਸਲ ਵਿੱਚ ਤੱਪ ਹੈ। ਵਰਤ ਕੀਤਾ ਹੈ, ਵਰਤ ਲਿਆ ਹੈ, ਅੰਨ ਅਤੇ ਜਲ ਦਾ ਤਿਆਗ ਕਰ ਦਿੱਤਾ ਹੈ ਫੇਰ ਵੀ ਮਨ ਵਿੱਚ ਕਸ਼ਾਏ ਭਾਵਨਾ ਅਤੇ ਵਿਸ਼ੇ ਭਾਵਨਾ ਬਣੀ ਰਹਿੰਦੀ ਹੈ ਤਾਂ ਇਹ ਵਰਤ ਨਹੀਂ ਹੈ ਸਗੋਂ ਇਕ ਪ੍ਰਕਾਰ ਦਾ ਵਿਖਾਵਾ ਹੈ। ਜੋ ਕਿਸੇ ਮਜ਼ਬੂਰੀ ਵਸ਼

ਕੀਤਾ ਜਾਂਦਾ ਹੈ, ਵਿਵੇਕ ਤੋਂ ਰਹਿਤ ਕੀਤਾ ਤੱਪ ਨਹੀਂ ਹੈ ਕੇਵਲ ਦੇਹ ਨੂੰ ਕਸ਼ਟ ਦੇਣਾ ਹੁੰਦਾ ਹੈ।

## ਤੱਪ ਦਾ ਸ਼ੁੱਧ ਸਰੂਪ:

ਤੱਪ ਆਤਮ ਦੇ ਵਿਕਾਰਾਂ ਨੂੰ ਨਸ਼ਟ ਕਰਨ ਲਈ ਕੀਤਾ ਜਾਂਦਾ ਹੈ ਇਸ ਲਈ ਤੱਪ ਦਾ ਸੰਬੰਧ ਆਤਮਾ ਤੇ ਮਨ ਨਾਲ ਹੈ, ਦੇਹ ਨਾਲ ਬਹੁਤ ਘੱਟ ਹੈ। ਤੱਪ ਨੂੰ ਧਰਮ ਦਾ ਹਿਰਦਾ ਕਿਹਾ ਗਿਆ ਹੈ, ਸਾਰ ਕਿਹਾ ਗਿਆ ਹੈ, ਤੱਪ ਕਿ ਹੈ? ਇਸ ਦੇ ਉੱਤਰ ਵਿੱਚ ਕਿਹਾ ਗਿਆ ਹੈ ਕਿ ਜਿਸ ਪ੍ਰਕਾਰ ਤਪਾਉਣ 'ਤੇ ਸੋਨੇ ਨਾਲ ਲੱਗੀ ਮਿਟੀ, ਸੋਨੇ ਤੋਂ ਦੂਰ ਕਰ ਦਿੱਤੀ ਜਾਂਦੀ ਹੈ, ਕਰਮਾਂ ਦਾ ਤਾਪ ਜਿਸ ਤੋਂ ਹੋਵੇ, ਉਹ ਹੀ ਤੱਪ ਹੈ। ਤੱਪ ਦੀ ਸਾਧਨਾ ਕਰਨ ਵਾਲੇ ਨੂੰ ਇਹ ਗੱਲ ਖਾਸ ਰੂਪ ਵਿੱਚ ਧਿਆਨ ਰੱਖਨ ਵਾਲੀ ਹੈ, ਕਿ ਤੱਪ ਉਨ੍ਹਾਂ ਕਰਨਾ ਚਾਹਿਦਾ ਹੈ ਜਿਸ ਰਾਹੀਂ ਮਨ ਵਿੱਚ ਸਮਾਧੀ ਭਾਵ (ਸੁੱਖ) ਬਣਿਆ ਰਹੇ। ਸ਼ਕਤੀ ਨਾ ਹੋਣ ਤੇ ਜੋ ਤੱਪ ਪ੍ਰਸਿਧੀ ਪਾਉਣ ਲਈ ਕੀਤਾ ਜਾਂਦਾ ਹੈ ਉਹ ਸੱਚਾ ਤੱਪ ਨਹੀਂ ਹੈ।

ਤੱਪ ਦੇ ਦੋ ਰੂਪ ਹਨ, ਬਾਹਰਲਾ ਅਤੇ ਅੰਦਰਲਾ। ਜੀਵਨ ਦੀ ਸ਼ੁੱਧੀ ਦੇ ਲਈ ਦੋਹੇਂ ਪ੍ਰਕਾਰ ਦੇ ਤੱਪਾਂ ਦੀ ਜ਼ਰੂਰਤ ਹੈ, ਮਾਨਸਿਕ ਤੱਪ ਦੀ ਵੀ ਅਤੇ ਸਰੀਰਕ ਤੱਪ ਦੀ ਵੀ।

# ਜੈਨ ਤੱਤਵ ਚਿੰਤਨ

ਆਚਾਰ (ਆਚਰਨ) ਅਤੇ ਵਿਚਾਰ ਦੀ ਧਾਰਨਾ ਦੇ ਨਾਲ ਨਾਲ ਹਰ ਪ੍ਰੰਪਰਾ ਵਿੱਚ ਤੱਤਵ ਚਿੰਤਨ ‘ਤੇ ਵੀ ਜ਼ੋਰ ਦਿੱਤਾ ਗਿਆ ਹੈ। ਕਿਉਂਕਿ ਹਰ ਪ੍ਰੰਪਰਾ ਦੇ ਸਵਰੂਪ ਦਾ ਵਰਨਣ ਕਰਦੇ ਸਮੇਂ ਇਹ ਪ੍ਰਸ਼ਨ ਉਠਦਾ ਹੈ ਕਿ ਉਸ ਨੇ ਕਿਹੜੇ ਕਿਹੜੇ ਮੂਲ ਤੱਤਵਾਂ ਨੂੰ ਮਾਨਤਾ ਦਿੱਤੀ ਹੈ? ਪ੍ਰੰਪਰਾ ਦਾ ਆਧਾਰ ਹੀ ਤੱਤਵ ਤੋਂ ਹੁੰਦਾ ਹੈ। ਤੱਤਵ ਦਾ ਅਰਥ ਹੈ, ਦਰਸ਼ਨ ਦੀ ਮੂਲ ਮਾਨਤਾ ਬਿਨ੍ਹਾਂ ਤੱਤਵ ਦੇ ਕੋਈ ਪ੍ਰੰਪਰਾ ਜਿਉਂਦੀ ਨਹੀਂ ਰਹਿ ਸਕਦੀ। ਭਾਰਤ ਦੇ ਭਿੰਨ ਭਿੰਨ ਦਰਸ਼ਨਾਂ ਨੇ ਭਿੰਨ ਭਿੰਨ ਪ੍ਰਕਾਰ ਦੇ ਤੱਤਵ ਸਵਿਕਾਰ ਕੀਤੇ ਹਨ।

ਵੈਸ਼ੇਸ਼ਿਕ ਦਰਸ਼ਨ ਵਿੱਚ ਸੱਤ ਪਦਾਰਥ ਮੰਨੇ ਗਏ ਹਨ। ਨਿਆ ਦਰਸ਼ਨ, 16 ਪਦਾਰਥ ਸਵਿਕਾਰ ਕਰਦਾ ਹੈ, ਸਾਂਖਯ ਦਰਸ਼ਨ 25 ਤੱਤਵਾਂ ਨੂੰ ਸਵਿਕਾਰ ਕੀਤਾ ਗਿਆ ਹੈ, ਯੋਗ ਦਰਸ਼ਨ ਵਿੱਚ ਸਾਂਖਯ ਦਰਸ਼ਨ ਦੇ ਅਨੁਸਾਰ 25 ਤੱਤਵਾਂ ਨੂੰ ਸਵਿਕਾਰ ਕੀਤਾ ਗਿਆ ਹੈ। ਮੀਮਾਂਸਾ ਦਰਸ਼ਨ ਵਿੱਚ ਵੇਦ ਵਿੱਚ ਵਰਨਣ ਕਰਨ ਨੂੰ ਸੱਚ ਮੰਨਿਆ ਗਿਆ ਹੈ। ਵੇਦਾਂਤ ਦਰਸ਼ਨ ਵਿੱਚ, ਇਕੋ ਇਕ ਬ੍ਰਹਮ ਨੂੰ ਸੱਚ ਮੰਨਕੇ ਬਾਕੀ ਚੀਜਾਂ ਨੂੰ ਅਸਤ (ਮਿਥਿੱਆ) ਸ਼ਿੱਧ ਕੀਤਾ ਗਿਆ ਹੈ। ਚਾਰਵਾਕ ਦਰਸ਼ਨ ਚਾਰ ਭੂਤਾਂ ਨੂੰ ਸੱਚ ਮੰਨਦਾ ਹੈ ਬਾਕੀ ਸਭ ਨੂੰ ਮਿਥਿੱਆ ਆਖਦਾ ਹੈ। ਬੁੱਧ ਦਰਸ਼ਨ ਵਿੱਚ ਚਾਰ ਆਰਿਆ ਸੱਤ (ਸੱਚ) ਨੂੰ ਸਵਿਕਾਰ ਕੀਤਾ ਗਿਆ ਹੈ। ਜੈਨ ਦਰਸ਼ਨ ਵਿੱਚ 2 ਤੱਤਵ ਅਤੇ ਨੌਂ ਤੱਤਵ ਸਵਿਕਾਰ ਕੀਤੇ ਗਏ ਹਨ।

ਮੂਲ ਭੂਤ ਦੋ ਤੱਤਵ ਹਨ ਜੀਵ ਅਤੇ ਅਜੀਵ। ਇਸ ਦਾ ਵਿਸਥਾਰ ਨੌਂ ਤੱਤਵ ਹਨ, 1. ਜੀਵ, 2. ਅਜੀਵ, 3. ਪੁੰਨ, 4. ਪਾਪ, 5. ਆਸ਼ਰਵ, 6. ਸੰਬਰ, 7. ਨਿਰਜਰਾ, 8. ਬੰਧ, 9. ਮੋਕਸ਼।

**ਛੇ ਦ੍ਰਵ:**

ਤੱਤਵਾਂ ਦਾ ਕਥਨ ਦੋ ਦ੍ਰਿਸ਼ਟੀਆਂ ਨਾਲ ਕੀਤਾ ਗਿਆ ਹੈ। ਲੋਕ ਰਚਨਾ ਦੀ ਦ੍ਰਿਸ਼ਟੀ ਤੋਂ ਅਤੇ ਅਧਿਆਤਮਿਕਤਾ ਦੀ ਦ੍ਰਿਸ਼ਟੀ ਤੋਂ। ਲੋਕ ਰਚਨਾ ਦੀ ਦ੍ਰਿਸ਼ਟੀ ਤੋਂ ਭਗਵਾਨ ਮਹਾਵੀਰ ਨੇ ਸਮੂਚੇ ਲੋਕ ਨੂੰ ਛੇ ਦ੍ਰਵਾਂ ਵਾਲਾ ਕਿਹਾ ਹੈ। ਮੁੱਖ ਦ੍ਰਵ ਦੋ ਹਨ ਜੀਵ ਅਤੇ ਅਜੀਵ। ਅਜੀਵ ਦੇ ਪੰਜ ਭੇਦ ਹਨ। 1. ਧਰਮ, 2. ਅਧਰਮ, 3. ਅਕਾਸ਼, 4. ਪੁਦਗਲ, 5. ਕਾਲ। ਅਕਾਸ਼ ਅਤੇ ਕਾਲ ਨੂੰ ਹੋਰ ਦਰਸ਼ਨ ਵੀ ਮੰਨਦੇ ਹਨ ਪਰ ਧਰਮ ਅਤੇ ਅਧਰਮ ਦੀ ਵਿਆਖਿਆ ਕੇਵਲ ਜੈਨ ਧਰਮ ਵਿੱਚ ਹੀ ਪ੍ਰਾਪਤ ਹੁੰਦੀ ਹੈ। ਪੁਦਗਲ ਦੀ ਜਗ੍ਹਾ ਤੇ ਹੋਰ ਦਰਸ਼ਨਾਂ ਵਿੱਚ ਕੀਤੇ ਜੜ, ਕੀਤੇ ਪ੍ਰਾਕ੍ਰਿਤੀ ਅਤੇ ਕੀਤੇ ਪ੍ਰਮਾਣੂ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਬੁੱਧ ਧਰਮ ਦੇ ਗ੍ਰੰਥਾਂ ਵਿੱਚ ਪੁਦਗਲ ਸ਼ਬਦ ਦਾ ਇਸਤਮਾਲ ਜੀਵ ਦੇ ਲਈ ਵੀ ਕੀਤਾ ਗਿਆ ਹੈ। ਪੱਛਮੀ ਦਰਸ਼ਨ ਵਿੱਚ ਜੀਵ ਦੇ ਲਈ ਸੋਲ (soul) ਪੁਦਗਲ ਦੇ ਲਈ ਮੈਟਰ (Matter) ਧਰਮ ਅਤੇ ਅਧਰਮ ਲਈ ਈਥਰ (Either) ਅਕਾਸ਼ ਦੇ ਲਈ ਸਪੇਸ਼ (space) ਅਤੇ ਕਾਲ ਦੇ ਲਈ ਟਾਇਮ (Time) ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਦਾ ਅਰਥ ਇਹ ਹੈ ਕਿ ਜੈਨ ਦਰਸ਼ਨ ਰਾਹੀਂ ਮੰਨਿਆ ਗਿਆ ਦ੍ਰਵ ਕਿਸੇ ਨਾ ਕਿਸੇ ਰੂਪ ਵਿੱਚ ਭਾਰਤੀ ਅਤੇ ਪੱਛਮੀ ਸਾਰੇ ਦਰਸ਼ਨਾਂ ਰਾਹੀਂ ਮੰਨਿਆ ਗਿਆ ਹੈ।

ਇਹ ਪੰਜ ਦ੍ਰਵ ਅਚੇਤਨ ਹੁੰਦੇ ਹੋਏ ਵੀ ਆਪਸ ਵਿੱਚ ਬਹੁਤ ਹੀ ਵਿਲੱਖਣ / ਮਿਲਦੇ ਜੁਲਦੇ ਅਤੇ ਸਮਾਨਤਾ ਰਹਿਤ ਜਾਤੀ ਹੈ, ਜੀਵ ਦ੍ਰਵ ਵੀ ਭਾਵੇਂ ਅਨੰਤ ਹੈ ਪਰ ਚੇਤਨ ਲੱਛਣ ਵਾਲਾ ਹੋਣ ਦੇ ਕਾਰਨ ਸਮਾਨ ਜਾਤੀ (ਇਕ ਰੂਪ) ਅਤੇ ਦਿਖਾਈ ਦਿੰਦਾ ਹੈ। ਇਸ ਵਿੱਚ ਵਿਸ਼ੇਸ਼ ਮੌਲਿਕ ਭੇਦ ਨਹੀਂ ਹੈ ਪਰ ਪੰਜ ਅਜੀਵ ਦ੍ਰਵਾਂ ਵਿੱਚ ਮੌਲਿਕ ਭੇਦ ਹਨ ਇਸੇ ਕਾਰਨ ਤੋਂ ਇਨ੍ਹਾਂ ਪੰਜ ਦ੍ਰਵਾਂ ਨੂੰ ਅਲੱਗ ਅਲੱਗ ਅਤੇ ਜੀਵ ਦ੍ਰਵ ਨੂੰ ਇਕ ਰੂਪ ਦੱਸ ਕੇ ਦੋ ਭੇਦ ਕੀਤੇ ਗਏ ਹਨ। ਜਿਨ੍ਹਾ ਨੂੰ ਛੇ ਦ੍ਰਵ ਆਖਦੇ ਹਨ, ਸੰਖੇਪ ਵਿੱਚ ਇਨ੍ਹਾਂ ਦੀ ਵਿਆਖਿਆ ਇਸ ਪ੍ਰਕਾਰ ਹੈ।

1. **ਜੀਵ:** ਜਿਸ ਦ੍ਰਵ ਵਿੱਚ ਜਾਣਨ ਅਤੇ ਵੇਖਨ ਦੀ ਸ਼ਕਤੀ ਹੈ ਅਤੇ ਉਸ ਵਿੱਚ ਗਿਆਨ ਰੂਪ ਝਲਕਦਾ ਹੈ ਅਤੇ ਪ੍ਰਾਣਾਂ ਨਾਲ ਜਿਉਂਦਾ ਰਹਿੰਦਾ ਹੈ

ਉਹ ਜੀਵ ਦ੍ਰਵ ਹੈ। ਇਸ ਨੂੰ ਚੇਤਨ ਆਤਮਾ ਪ੍ਰਾਣੀ ਅਤੇ ਦੇਹੀ ਆਦਿ ਸ਼ਬਦਾਂ ਨਾਲ ਵੀ ਆਖਿਆ ਜਾਂਦਾ ਹੈ। ਇਸ ਦੇ ਦੋ ਭੇਦ ਹਨ, 1. ਸੰਸਾਰੀ, 2. ਮੁਕਤ। ਸੰਸਾਰੀ ਜੀਵ ਉਹ ਹਨ, ਜੋ ਕਰਮਾਂ ਦੇ ਕਾਰਨ ਸੰਸਾਰ ਵਿੱਚ ਦੁੱਖ ਉਠਾ ਰਹੇ ਹਨ ਅਤੇ ਮੁਕਤ ਉਹ ਹਨ, ਜੋ ਕਰਮ ਖਤਮ ਕਰਕੇ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਪਾ ਚੁੱਕੇ ਹਨ। ਸੰਸਾਰੀ ਜੀਵ ਵੀ ਦੋ ਤਰ੍ਹਾਂ ਦੇ ਹਨ, 1. ਤ੍ਰੱਸ, 2. ਸਥਾਵਰ। ਜਿਸ ਵਿੱਚ ਚੇਤਨਾ ਦਾ ਜ਼ਿਆਦਾ ਵਿਕਾਸ ਪਾਇਆ ਜਾਂਦਾ ਹੈ ਅਤੇ ਦੋ ਜਾਂ ਦੋ ਤੋਂ ਜ਼ਿਆਦਾ ਪੰਜ ਇੰਦਰੀਆਂ ਜਿਨ੍ਹਾਂ ਵਿੱਚ ਪਾਇਆ ਜਾਂਦੀਆਂ ਹਨ, ਉਹ ਸਭ ਤ੍ਰੱਸ ਜੀਵ ਅਖਵਾਉਂਦੇ ਹਨ। ਲੀਖ, ਕੇਂਚੂਆ ਆਦਿ ਪ੍ਰਾਣੀ ਦੋ ਇੰਦਰੀਆਂ ਵਾਲੇ ਪ੍ਰਾਣੀ ਹਨ ਕੀੜੀ, ਖਟਮਲ ਆਦਿ ਤਿੰਨ ਇੰਦਰੀਆਂ ਵਾਲੇ ਜੀਵ ਹਨ, ਮੱਖੀ ਮੱਛਰ ਆਦਿ ਚਾਰ ਇੰਦਰੀਆਂ ਵਾਲੇ ਜੀਵ ਹਨ। ਮਨੁੱਖ, ਪਸ਼ੂ, ਦੇਵਤੇ ਅਤੇ ਨਰਕ ਦੇ ਪ੍ਰਾਣੀ ਪੰਜ ਇੰਦਰੀਆਂ ਵਾਲੇ ਜੀਵ ਹਨ। ਜਮੀਨ, ਪਾਣੀ, ਅੱਗ ਹਵਾ, ਅਤੇ ਬਨਸਪਤੀ ਇਹ ਪੰਜ ਸਥਾਵਰ ਜੀਵ ਹਨ। ਇਨ੍ਹਾ ਵਿੱਚ ਚੇਤਨਾ ਦਾ ਵਿਕਾਸ ਬਹੁਤ ਘੱਟ ਹੈ। ਇਨ੍ਹਾਂ ਵਿੱਚ ਕੇਵਲ ਇਕ ਸਪਰਸ ਇੰਦਰੀ ਪਾਈ ਜਾਂਦੀ ਹੈ। ਇਸ ਇੰਦਰੀ ਦੇ ਕਾਰਨ ਹੀ ਇਹ ਜੀਵ ਅਪਣਾ ਆਹਾਰ (ਭੋਜਣ) ਆਦਿ ਕਰਦੇ ਹਨ।

2. **ਧਰਮ: (ਧਰਮਾਸਤੀ ਕਾਇਆ):** ਇਹ ਇਕ ਇੰਦਰੀਆਂ ਤੋਂ ਰਹਿਤ ਅਤੇ ਸ਼ਕਲ ਰਹਿਤ ਅਜੀਵ ਦ੍ਰਵ ਹੈ ਜੋ ਜੀਵਾਂ ਅਤੇ ਪੁੱਦਗਲਾਂ ਨੂੰ ਗਤੀ (ਚੱਲਣ) ਕ੍ਰਿਆ ਵਿੱਚ ਉਸੇ ਪ੍ਰਕਾਰ ਸਹਾਇਕ ਹੁੰਦਾ ਹੈ ਜਿਸ ਪ੍ਰਕਾਰ ਮੱਛੀ ਨੂੰ ਚੱਲਣ ਵਿੱਚ ਪਾਣੀ। ਇਹ ਦ੍ਰਵ ਅਖੰਡ ਪਰ ਅਸੰਖਿਆਤ ਪ੍ਰਦੇਸ਼ ਵਾਲਾ ਹੈ ਅਤੇ ਸਾਰੇ ਲੋਕ ਵਿੱਚ ਤਿਲਾਂ ਵਿੱਚ ਤੇਲ ਦੀ ਤਰ੍ਹਾਂ ਫੈਲਕੇ ਸਥਿਤ ਹੈ। ਇਸ ਦ੍ਰਵ ਦੀ ਉਪਯੋਗਤਾ ਇਸੇ ਵਿੱਚ ਹੈ ਕਿ ਇਸ ਦੇ ਬਿਨ੍ਹਾਂ ਜੀਵ ਅਤੇ ਪੁੱਦਗਲ ਅਪਣੀ ਕੋਈ ਵੀ ਕ੍ਰਿਆ ਜਾਂ ਗਤੀ ਨਹੀਂ ਕਰ ਸਕਦੇ।

3. **ਅਧਰਮ (ਅਧਰਮਾਸਤੀ ਕਾਯਾ):** ਇਹ ਵੀ ਇਕ ਇੰਦਰੀ ਅਤੇ ਨਾ ਵਿਖਾਈ ਦੇਣ ਵਾਲਾ ਅਤੇ ਅਮੂਰਤ ਅਜੀਵ ਦ੍ਰਵ ਹੈ। ਜੋ ਧਰਮ ਦ੍ਰਵ ਤੋਂ ਬਿਲਕੁਲ ਉਲਟ ਹੈ ਅਤੇ ਸਾਰੇ ਜੀਵਾਂ ਅਤੇ ਪੁਦਗਲਾਂ ਨੂੰ ਠਹਿਰਨ ਵਿੱਚ ਮਦਦ ਕਰਦਾ ਹੈ। ਜਿਵੇਂ ਦਰਖਤ ਦੀ ਛਾਂ ਮੁਸਾਫਰ ਨੂੰ, ਇਸੇ ਪ੍ਰਕਾਰ ਦੀ ਸਥਿਤੀ

ਵਿੱਚ ਇਹ ਦ੍ਰਵ ਦੀ ਉਪਯੋਗਤਾ ਹੈ। ਇਸ ਤੋਂ ਬਿਨ੍ਹਾਂ ਜੀਵ ਅਤੇ ਪੁਦਗਲ ਦਾ ਠਹਿਰਨਾ ਅਸੰਭਵ ਹੈ। ਇਹ ਦ੍ਰਵ ਵੀ ਧਰਮ ਦ੍ਰਵ ਦੀ ਤਰ੍ਹਾਂ ਸਾਰੇ ਲੋਕ ਵਿੱਚ ਫੈਲੀਆ ਹੈ।

4. **ਅਕਾਸ਼: (ਅਕਾਸ਼ਆਸਤੀ ਕਾਇਆ):** ਇਹ ਉਹ ਦ੍ਰਵ ਹੈ ਜੋ ਪਦਾਰਥ ਨੂੰ ਰਹਿਣ ਦੇ ਲਈ ਜਗ੍ਹਾਂ ਦਿੰਦਾ ਹੈ। ਇਸ ਵਿੱਚ ਹੀ ਬਾਕੀ ਪੰਜ ਦ੍ਰਵ ਰਹਿਕੇ ਅਪਣੀ ਕ੍ਰਿਆ ਕਰਦੇ ਹਨ। ਭਾਵੇਂ ਅਕਾਸ਼ ਇਕ ਹੀ ਦ੍ਰਵ ਹੈ ਪਰ ਜਿਨ੍ਹੇ ਅਕਾਸ਼ ਵਿੱਚ ਉਪਰੋਕਤ ਪੰਜ ਦ੍ਰਵ ਪਾਏ ਜਾਂਦੇ ਹਨ ਉਸ ਅਕਾਸ਼ ਨੂੰ ਹੀ ਲੋਕ ਆਕਾਸ਼ ਅਤੇ ਬਾਕੀ ਨੂੰ ਅਲੋਕ ਅਕਾਸ਼ ਆਖਿਆ ਗਿਆ ਹੈ।

5. **ਪੁਦਗਲ: (ਪੁਦਗਲ ਆਸਤੀ ਕਾਇਆ):** ਜੋ ਬਣਦਾ ਅਤੇ ਬਿਗੜਦਾ ਹੈ, ਜਿਸ ਵਿੱਚ ਰੂਪ, ਰਸ, ਗੰਧ, ਅਤੇ ਸਪਰਸ਼ ਪਾਇਆ ਜਾਂਦਾ ਹੈ ਉਹ ਪੁਦਗਲ ਹੈ। ਮੇਜ, ਕੁਰਸੀ, ਕਪੜੇ, ਮਕਾਨ, ਸੋਨਾ, ਚਾਂਦੀ ਆਦਿ ਸਭ ਪੁੱਦਗਲ ਹਨ।

6. **ਕਾਲ:** ਇਹ ਦ੍ਰਵ ਸਾਰੇ ਦ੍ਰਵਾਂ ਦੇ ਪਰੀਨਮਨ ਵਿੱਚ - ਇਕ ਅਵਸਥਾ ਤੋਂ ਦੂਸਰੀ ਅਵਸਥਾ ਰੂਪ ਹੋਣ ਵਿੱਚ, ਮੋਸਮਾ ਦੇ ਪਰਿਵਰਤਨ ਵਿੱਚ, ਛੋਟੇ ਵੱਡੇ ਦੇ ਵਿਵਹਾਰ ਆਦਿ ਵਿੱਚ, ਜ਼ਰੂਰੀ ਸਹਾਇਕ ਹੈ। ਇਹ ਅਸੰਖਿਆਤ ਅਣੂ ਰੂਪ ਹੈ, ਇਕ ਨਹੀਂ ਅਤੇ ਨਾ ਅਕਾਸ਼ ਆਦਿ ਦੀ ਤਰ੍ਹਾਂ ਅਖੰਡ ਹੈ। ਦ੍ਰਵ ਵਿੱਚ ਹਰ ਸਮੇਂ ਹੋਣ ਵਾਲਾ ਪਰਿਵਰਤਨ ਹੀ ਇਸ ਦੀ ਜ਼ਰੂਰਤ ਨੂੰ ਸਵਿਕਾਰ ਕਰਦਾ ਹੈ। ਇਸ ਪ੍ਰਕਾਰ ਗਿਆਨ ਪਦਾਰਥ ਦੇ ਰੂਪ ਵਿੱਚ ਇਨ੍ਹਾਂ ਛੇ ਦ੍ਰਵਾਂ ਦਾ ਜੈਨ ਸਾਹਿਤ ਵਿੱਚ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ।

## ਨੌਂ ਤੱਤਵ:

ਨੌਂ ਤੱਤਵ ਇਸ ਪ੍ਰਕਾਰ ਹਨ: 1. ਜੀਵ, 2. ਅਜੀਵ, 3. ਪੁੰਨ, 4. ਪਾਪ, 5. ਆਸ਼ਰਵ, 6. ਸੰਬਰ, 7. ਨਿਰਜ਼ਰਾ, 8. ਬੰਧ, 9. ਮੋਕਸ਼।

ਆਤਮਾ ਦੇ ਲਈ ਜ਼ਰੂਰੀ ਹੋਣ ਵਾਲੇ ਇਨ੍ਹਾ ਦ੍ਰਵਾਂ ਵਿੱਚੋਂ ਜੀਵ ਅਤੇ ਪੁੱਦਗਲ ਦੋ ਹੀ ਦ੍ਰਵ ਹਨ। ਹਾਂ ਇਨ੍ਹਾਂ ਦੇ ਮੇਲ ਮਿਲਾਪ ਅਤੇ ਵਿਛੋੜੇ ਨਾਲ ਹੋਣ ਵਾਲੀਆਂ ਕੁਝ ਅਵਸਥਾਵਾਂ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ। ਭਾਵੇਂ ਦੋਹਾਂ ਦੇ

ਮੇਲ ਅਤੇ ਵਿਛੋੜੇ ਦੀ ਅਨਗਿਣਤ ਅਵਸਥਾਵਾਂ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡ ਸਕਦੇ ਹਾਂ।

ਜੀਵ ਦੀ ਸ਼ੁਭ ਪ੍ਰਵਿਰਤੀ ਵੱਲ ਖਿੱਚਨ ਵਾਲਾ ਕਰਮ ਪੁੰਨ ਹੈ।

ਜੀਵ ਦਾ ਅਸ਼ੁਭ ਪ੍ਰਵਿਰਤੀ ਵੱਲ ਖਿੱਚੀਆ ਜਾਣ ਵਾਲਾ ਕਰਮ ਪਾਪ ਹੈ। ਇਹ ਦੋਹੇਂ ਤੱਤਵ ਖੁਦ ਅਜੀਵ ਹਨ ਪਰ ਜੀਵ ਦੇ ਰਾਹੀਂ ਕੀਤੇ ਜਾਂਦੇ ਹਨ। ਕਰਮਾਂ ਦੇ ਆਉਣ ਦੀ ਪ੍ਰਕ੍ਰਿਆ ਨੂੰ ਆਸ਼ਰਵ ਅਤੇ ਉਨ੍ਹਾਂ ਦਾ ਆਤਮਾ ਦੇ ਨਾਲ ਸੰਬੰਧ ਹੋ ਜਾਣਾ ਬੰਧ ਹੈ – ਆਉਂਦੇ ਹੋਏ ਕਰਮਾਂ ਨੂੰ ਸੰਜਮ, ਇੰਦਰੀਆਂ ‘ਤੇ ਕਾਬੂ ਕਰਨ ਆਦਿ ਨਾਲ ਰੋਕਨਾ ਸੰਬਰ ਹੈ ਅਤੇ ਪਹਿਲੇ ਜਮ੍ਹਾਂ ਹੋਏ ਕਰਮਾਂ ਨੂੰ ਤਪਸਿਆ ਨਾਲ ਝਾੜਨਾ ਕਰਮ ਦੀ ਨਿਰਜ਼ਰਾ ਹੈ।

ਸੰਜਮ, ਤੱਪ, ਚਰਿਤਰ ਆਦਿ ਸਾਰੇ ਕਰਮਾਂ ਦਾ ਖਾਤਮਾ ਕਰਕੇ ਆਤਮ ਸਵਰੂਪ ਵਿੱਚ ਸਥਿਤ ਹੋ ਜਾਣਾ ਮੋਕਸ਼ ਹੈ। ਆਤਮਾ ਸਾਰੇ ਕਰਮਾਂ ਤੋਂ ਮੁਕਤ ਹੋਣ ਤੋਂ ਬਾਅਦ ਫੇਰ ਸੰਸਾਰ ਵਿੱਚ ਵਾਪਸ ਨਹੀਂ ਆਉਂਦੀ। ਉੱਥੇ ਆਤਮਾ ਪਰਮ ਆਨੰਦ ਵਿੱਚ ਲੰਬੇ ਸਮੇਂ ਤੱਕ ਸਥਿਰ ਰਹਿੰਦਾ ਹੈ।

## ਕਰਮਵਾਦ:

ਕਰਮਵਾਦ ਦਾ ਸਿਧਾਂਤ ਜੈਨ ਧਰਮ ਦੀ ਅਨੌਖੀ ਦੇਣ ਹੈ। ਸੰਸਾਰੀ ਆਤਮਾ ਅਨਾਦੀ ਕਾਲ ਤੋਂ ਕਰਮ ਪ੍ਰੰਪਰਾ ਵਿੱਚ ਪਿਆ ਹੋਇਆ ਹੈ। ਪੁਰਾਣੇ ਕਰਮਾਂ ਦੇ ਜੋੜ ਅਤੇ ਨਵੇਂ ਕਰਮਾਂ ਦੇ ਬੰਧਨ ਤੋਂ ਜੀਵ ਭਿੰਨ ਭਿੰਨ ਯੋਨੀਆਂ ਅਤੇ ਭਿੰਨ ਭਿੰਨ ਜ਼ਾਤਾਂ (ਜਨਮਾਂ) ਵਿੱਚ ਘੁੰਮਦਾ ਹੈ। ਹਰ ਪਲ ਆਤਮਾ ਅਪਣੇ ਪਿਛਲੇ ਕੀਤੇ ਕਰਮਾਂ ਨੂੰ ਭੋਗਦਾ ਹੋਇਆ, ਨਵੇਂ ਕਰਮਾਂ ਨੂੰ ਇਕਠਾ ਕਰਦਾ ਰਹਿੰਦਾ ਹੈ। ਇਸ ਲਈ ਜਨਮ ਅਤੇ ਮਰਨ ਦੀ ਪ੍ਰੰਪਰਾ ਅਨੰਤ ਕਾਲ ਤੋਂ ਚਲੀ ਆ ਰਹੀ ਹੈ। ਜੀਵ ਅਨਾਦੀ ਕਾਲ ਤੋਂ ਕਰਮ ਵੱਸ਼ ਅਤੇ ਭਿੰਨ ਭਿੰਨ ਗਤੀਆਂ ਵਿੱਚ ਘੁੰਮ ਰਿਹਾ ਹੈ। ਜਨਮ ਅਤੇ ਮਰਨ ਦਾ ਮੂਲ ਕਰਮ ਹੈ ਅਤੇ ਜੀਵ ਅਪਣੇ ਸ਼ੁਭ ਅਤੇ ਅਸ਼ੁਭ ਕਰਮਾਂ ਦੇ ਨਾਲ ਦੂਸਰੇ ਜਨਮ ਵਿੱਚ ਜਾਂਦਾ ਹੈ। ਜੋ ਜਿਹਾ ਕਰਦਾ ਹੈ ਉਹ ਉਸੇ ਪ੍ਰਕਾਰ ਦਾ ਫਲ ਪਾਉਂਦਾ ਹੈ।

## ਕਰਮ ਦੀ ਪਰਿਭਾਸ਼ਾ:

'ਕਰਮ' ਸ਼ਬਦ ਦਾ ਅਰਥ ਸਧਾਰਨ ਭਾਸ਼ਾ ਵਿੱਚ ਕਾਰਜ, ਕ੍ਰਿਆ, ਭਾਵ ਪ੍ਰਵਿਰਤੀ ਕੀਤਾ ਜਾਂਦਾ ਹੈ। ਵੇਦਾਂ ਵਿੱਚ ਯੱਗ ਕ੍ਰਿਆ ਨੂੰ ਕਰਮ ਕਿਹਾ ਗਿਆ ਹੈ। ਪੁਰਾਣਾ ਵਿੱਚ ਵਰਤ, ਨਿਯਮਾਂ ਨੂੰ ਕਰਮ ਕਿਹਾ ਗਿਆ ਹੈ। ਗੀਤਾ ਵਿੱਚ ਕਰਤਵ ਨੂੰ ਕਰਮ ਆਖਿਆ ਗਿਆ ਹੈ, ਪਰ ਜੈਨ ਦਰਸ਼ਨ ਵਿੱਚ ਕਰਮ ਇਕ ਉਹ ਤੱਤਵ ਹੈ, ਜੋ ਆਤਮਾ ਦੇ ਗਿਆਨ ਆਦਿ ਨਿਜ਼ ਗੁਣਾਂ 'ਤੇ ਪਰਦੇ ਦੇ ਰੂਪ ਵਿੱਚ ਹੁੰਦਾ ਹੈ ਅਤੇ ਉਹ ਆਤਮਾ ਤੋਂ ਭਿੰਨ ਇਕ ਵਿਸ਼ੇਸ ਪ੍ਰਕਾਰ ਦਾ ਪੁੱਦਗਲ ਤੱਤਵ ਹੈ। ਕਰਮ ਆਤਮਾ ਨੂੰ ਢੱਕਨ ਦੀ ਸ਼ਕਤੀ ਹੈ, ਕਰਮ ਦੇ ਪ੍ਰਭਾਵ ਨਾਲ ਆਤਮਾ ਸੁੱਖ ਦੁੱਖ ਜਨਮ ਮਰਨ ਕਰਦਾ ਹੈ। ਭਾਵੇਂ ਇਹ ਕਰਮ ਦਾ ਕਰਤਾ ਖੁਦ ਆਤਮਾ ਹੀ ਹੈ। ਫੇਰ ਵੀ ਕਰਮ ਅਪਣੇ ਆਪ ਵਿੱਚ ਪੁੱਦਗਲ ਹੈ।

## ਕਰਮ ਦੇ ਭੇਦ:

ਜੈਨ ਦਰਸ਼ਨ ਵਿੱਚ ਕਰਮ ਦੇ ਦੋ ਭੇਦ ਹਨ - ਦ੍ਰਵ ਕਰਮ ਅਤੇ ਭਾਵ ਕਰਮ। ਕਾਰਮਨ ਜ਼ਾਤੀ ਦਾ ਪੁਦਗਲ, ਭਾਵ ਜੜ ਤੱਤਵ ਹੈ, ਜੋ ਕਿ ਦਵੇਸ਼ ਦੇ ਕਾਰਨ ਆਤਮਾ ਨਾਲ ਮਿਲਕੇ ਕਰਮ ਦੇ ਰੂਪ ਵਿੱਚ ਬਦਲਦਾ ਹੈ। ਉਹ ਦ੍ਰਵ ਕਰਮ ਅਖਵਾਉਂਦਾ ਹੈ ਅਤੇ ਰਾਗ ਦਵੇਸ਼ ਦੇ ਪਰਿਨਾਮ ਨੂੰ ਭਾਵ ਕਰਮ ਆਖਦੇ ਹਨ। ਰਾਗ - ਦਵੇਸ਼ ਹੀ ਕਰਮ ਦੇ ਬੀਜ਼ ਹਨ।

## ਕਰਮਬੰਧ ਦੇ ਕਾਰਨ:

ਜੈਨ ਦਰਸ਼ਨ ਵਿੱਚ ਕਰਮਬੰਧ ਦੇ ਦੋ ਕਾਰਨ ਮੁੱਖ ਰੂਪ ਵਿੱਚ ਮੰਨੇ ਗਏ ਹਨ - ਯੋਗ ਅਤੇ ਕਸ਼ਾਏ ਸਰੀਰ, ਵਚਨ ਅਤੇ ਮਨ ਦੀ ਕ੍ਰਿਆ ਨੂੰ ਯੋਗ ਆਖਦੇ ਹਨ। ਕ੍ਰੋਧ, ਮਾਨ, ਮਾਇਆ ਅਤੇ ਲੋਭ ਨੂੰ ਕਸ਼ਾਏ ਆਖਦੇ ਹਨ। ਕਸ਼ਾਏ ਦੀ ਤੇਜ਼ੀ ਅਤੇ ਹਲਕਾ ਪਣ ਤੋਂ ਹੀ ਕਰਮ ਦੇ ਫਲ ਵਿੱਚ ਤੇਜ਼ੀ ਅਤੇ ਹਲਕਾ ਪਨ ਪੈਦਾ ਹੁੰਦਾ ਹੈ। ਜਦ ਤੱਕ ਕਸ਼ਾਈਆਂ ਦਾ ਖਾਤਮਾ ਨਹੀਂ ਹੋਵੇਗਾ ਤੱਦ ਤੱਕ ਕਰਮ ਬੰਧ ਹੁੰਦਾ ਹੀ ਰਹੇਗਾ ਅਤੇ ਆਤਮਾ ਦੀ ਸੰਸਾਰੀ ਅਵਸਥਾ ਦਾ ਅੰਤ ਨਹੀਂ ਹੋਵੇਗਾ।

## ਅੱਠ ਕਰਮ:

ਜੈਨ ਦਰਸ਼ਨ ਵਿੱਚ ਕਰਮ ਦੀਆਂ ਮੂਲ ਪ੍ਰਕ੍ਰਿਤੀਆਂ ਅੱਠ ਹਨ। ਇਹ ਪ੍ਰਕ੍ਰਿਤੀਆਂ ਜੀਵ ਨੂੰ ਠੀਕ ਅਤੇ ਗਲਤ ਫਲ ਦਿੰਦੀਆਂ ਹਨ। ਉਹ ਇਹ ਹਨ: 1. ਗਿਆਨਾਵਰਨਿਆ, 2. ਦਰਸ਼ਨਾਵਰਨਿਆਂ, 3. ਵੇਦਨੀਆਂ, 4. ਮੋਹਨੀਆਂ, 5. ਆਯੂਸ, 6. ਨਾਮ, 7. ਗੋਤਰ, 8. ਅੰਤਰਾਏ।

ਗਿਆਨਾਵਰਨਿਆ, ਦਰਸ਼ਨਾਵਰਨਿਆ, ਮੋਹਨੀਆਂ ਅਤੇ ਅੰਤਰਾਏ ਇਹ ਚਾਰ ਘਾਤੀ ਕਰਮ ਆਖੇ ਜਾਂਦੇ ਹਨ ਕਿਉਂਕਿ ਇਹ ਚਾਰੇ ਆਤਮਾ ਦੇ ਚਾਰ ਮੂਲ ਗੁਣਾਂ ਦਾ - ਗਿਆਨ, ਦਰਸ਼ਨ, ਸੁੱਖ, ਅਤੇ ਵੀਰਜ ਦਾ ਘਾਤ ਕਰਦੇ ਹਨ। ਬਾਕੀ ਚਾਰ ਅਘਾਤੀ ਕਰਮ ਹਨ ਕਿਉਂਕਿ ਇਹ ਆਤਮਾ ਦੇ ਕਿਸੇ ਨਿਜ਼ ਗੁਣ ਦਾ ਘਾਤ ਨਹੀਂ ਕਰਦੇ। ਚਾਰ ਘਾਤੀ ਕਰਮਾਂ ਦਾ ਨਾਸ਼ ਹੋਣ ਤੇ ਕੇਵਲ ਗਿਆਨ ਅਤੇ ਅੱਠ ਕਰਮਾਂ ਦਾ ਨਾਸ਼ ਹੋਣ ਤੇ ਮੋਕਸ਼ ਪ੍ਰਾਪਤ ਹੁੰਦਾ ਹੈ।

## ਕਰਮਾਂ ਦਾ ਫਲ:

ਗਿਆਨਾਵਰਨਿਆ ਕਰਮ ਆਤਮਾ ਦੇ ਗਿਆਨ ਗੁਣ ਦਾ, ਦਰਸ਼ਨ ਵਰਨਿਆ ਕਰਮ ਆਤਮਾ ਦੇ ਦਰਸ਼ਨ ਗੁਣ, ਮੋਹਨੀਆਂ ਆਤਮਾ ਦੇ ਆਤਮਾ ਦੇ ਸ਼ਰਧਾ ਅਤੇ ਚਰਿੱਤਰ ਗੁਣ ਦਾ ਅਤੇ ਅੰਤਰਾਏ ਗੁਣ ਆਤਮਾ ਦੇ ਵੀਰਜ ਗੁਣ (ਆਤਮ ਸ਼ਕਤੀ) ਦਾ ਘਾਤ ਕਰਦਾ ਹੈ। ਵੇਦਨਿਆ ਗੁਣ ਸੁੱਖ ਦੁੱਖ ਦਾ ਅਨੁਭਵ ਕਰਵਾਉਂਦਾ ਹੈ। ਨਾਮ ਕਰਮ ਤੋਂ ਸਰੀਰ, ਇੰਦਰੀਆਂ, ਜਾਤੀ, ਗਤੀ ਆਦਿ ਪ੍ਰਾਪਤ ਹੁੰਦੀ ਹੈ। ਗੋਤਰ ਕਰਮ ਤੋਂ ਜੀਵ ਨੂੰ ਉੱਚਤਾ ਅਤੇ ਨੀਚਤਾ ਪ੍ਰਾਪਤ ਹੁੰਦੀ ਹੈ।

## ਕਰਮ ਖਾਤਮੇ ਦੇ ਕਾਰਨ:

ਰਾਗ - ਦਵੇਸ਼ ਅਤੇ ਮੋਹ ਨੂੰ ਜਿੱਤਨ ਨਾਲ ਅਤੇ ਚਾਰ ਕਸ਼ਾਈਆਂ ਦਾ ਖਾਤਮਾ ਕਰਕੇ ਆਤਮਾ ਅਪਣੇ ਸਾਰੇ ਕਰਮਾਂ ਦਾ ਨਾਸ਼ ਕਰਕੇ ਸ਼ਿੱਧ, ਬੁੱਧ, ਮੁਕਤ, ਅਤੇ ਪਰਮਾਤਮਾ ਬਣ ਸਕਦਾ ਹੈ। ਹਰ ਆਤਮਾ ਉਕਤ ਵਿਕਾਰਾਂ ਦਾ

ਖਾਤਮਾ ਕਰਕੇ ਸੰਸਾਰ ਤੋਂ ਮੁਕਤ ਬਣ ਸਕਦਾ ਹੈ। ਸਾਰੇ ਕਰਮਾਂ ਦਾ ਖਾਤਮਾ ਹੋਣ 'ਤੇ ਨਿਜ਼ ਸਰੂਪ ਵਿੱਚ ਸਥਿਤ ਹੋਣ ਦਾ ਨਾਉਂ ਹੀ ਮੋਕਸ਼ ਹੈ।

# ਜੈਨ ਸੰਸਕ੍ਰਿਤੀ:

ਜੈਨ ਸੰਸਕ੍ਰਿਤੀ ਹਿਰਦੇ ਅਤੇ ਬੁੱਧੀ ਦੇ ਸੇਹਤਮੰਦ ਸੁਮੇਲ ਤੋਂ ਮਨੁੱਖੀ ਜੀਵਨ ਨੂੰ ਸਰਸ, ਸੁੰਦਰ ਅਤੇ ਮਿੱਠਾ ਬਣਾਉਨ ਦਾ ਪਵਿੱਤਰ ਸੁਨੇਹਾ ਦਿੰਦੀ ਹੈ। ਵਿਚਾਰਾਂ ਵਿੱਚ ਆਚਾਰਨ ਅਤੇ ਆਚਰਨ ਵਿੱਚ ਵਿਚਾਰ ਜੈਨ ਸੰਸਕ੍ਰਿਤੀ ਦਾ ਮੂਲ ਸਿਧਾਂਤ ਹੈ। ਜੈਨ ਸੰਸਕ੍ਰਿਤੀ ਦਾ ਸਿੱਧਾ ਅਰਥ ਹੈ, ਜੀਵਨ ਦੀ ਉਪਜਾਓ ਭੂਮੀ ਵਿੱਚ ਪਿਆਰ, ਹਮਦਰਦੀ, ਸਹਿਯੋਗ, ਸੱਦਭਾਵਨਾ ਅਤੇ ਸਹਿਨਸ਼ਿਲਤਾ ਦੇ ਬੀਜ਼ਾਂ ਨੂੰ ਬੀਜ਼ਨਾ। ਇਹ ਸੰਸਕ੍ਰਿਤੀ ਵਿਸ਼ਾਲ ਹੈ, ਵਿਰਾਟ ਹੈ ਅਤੇ ਫੈਲੀ ਹੋਈ ਹੈ, ਪਰ ਇੱਥੇ ਜੈਨ ਸੰਸਕ੍ਰਿਤੀ ਦੇ ਆਧਾਰ ਤੱਤਵਾਂ ਦਾ ਸੰਖੇਪ ਵਿੱਚ ਜਾਣਕਾਰੀ ਦੇਣਾ ਸਾਡਾ ਮੰਤਵ ਹੈ।

## ਸੁਮੇਲ ਭਾਵਨਾ:

ਜੈਨ ਸੰਸਕ੍ਰਿਤੀ ਦਾ ਰੂਪ ਸਦਾ ਤੋਂ ਸੁਮੇਲ ਅਤੇ ਵਿਸਥਾਰ ਤੇ ਅਧਾਰਤ ਰਿਹਾ ਹੈ। ਉਸ ਦਾ ਵਿਸ਼ਾਲ ਦਰ ਸਭ ਦੇ ਲਈ ਖੁਲ੍ਹਾ ਰਿਹਾ ਹੈ। ਇਸ ਸਰਵਪੱਖੀ ਅਤੇ ਵਿਸ਼ਾਲ ਦ੍ਰਿਸ਼ਟੀਕੋਂਣ ਦਾ ਮੂਲ ਅਫਿਰਕੂ ਭਾਵਨਾ ਅਤੇ ਜਾਤ ਪਾਤ ਦਾ ਨਾ ਹੋਣਾ। ਜੈਨ ਧਰਮ ਕੀ ਹੈ? ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਾਰਿਤਰ ਦੀ ਸਾਧਨਾ। ਇਨ੍ਹਾਂ ਤਿੰਨਾਂ ਦੀ ਸਾਧਨਾ ਕਰਨ ਵਾਲਾ ਕਿਸੇ ਵੀ ਦੇਸ਼ ਦਾ ਹੋਵੇ ਕਿਸੇ ਵੀ ਜ਼ਾਤ ਦਾ ਹੋਵੇ, ਕਿਸੇ ਵੀ ਮੱਤ, ਫਿਰਕੇ ਦਾ ਹੋਵੇ ਉਹ ਮੋਕਸ਼ ਪ੍ਰਾਪਤ ਕਰ ਸਕਦਾ ਹੈ।

## ਗੁਣ ਪੂਜਾ:

ਜੈਨ ਸੰਸਕ੍ਰਿਤੀ ਵਿੱਚ ਮਨੁੱਖ ਦੇ ਗੁਣਾਂ ਦਾ ਆਦਰ ਹੁੰਦਾ ਹੈ, ਸਿਰਫ ਮਨੁੱਖ ਦਾ ਨਹੀਂ। ਜਿਸ ਵਿੱਚ ਤਿਆਗ, ਤੱਪਸਿਆ, ਸੰਜਮ ਅਤੇ ਸਦਾਚਾਰ ਆਦਿ ਗੁਣ ਹਨ ਉਹ ਪੂਜਨ ਯੋਗ ਹੈ, ਚਾਹੇ ਉਹ ਪੁਰਸ਼ ਹੋਵੇ ਜਾਂ ਇਸਤਰੀ, ਕੋਈ ਵੀ

ਕਿਉਂ ਨਾ ਹੋਵੇ। ਪੂਜਾ ਦਾ ਆਧਾਰ ਜਾਤ ਅਤੇ ਜਨਮ ਨਹੀਂ ਸਗੋਂ ਮਨੁੱਖ ਦੇ ਸ਼ੁਭ ਕਰਮ ਅਤੇ ਗੁਣ ਹਨ।

## ਸਮਤਾਵਾਦ:

ਸਮਤਾਵਾਦ ਦਾ ਅਰਥ ਹੈ - ਸਭ ਨੂੰ ਬਰਾਬਰ ਮੰਨਣਾ ਨਾ ਕਿਸੇ ਪ੍ਰਤੀ ਰਾਗ ਅਤੇ ਨਾ ਕਿਸੇ ਪ੍ਰਤੀ ਦਵੇਸ਼। ਜੈਨ ਸੰਸਕ੍ਰਿਤੀ ਵਿੱਚ ਕਿਸੇ ਵੀ ਪ੍ਰਕਾਰ ਦੇ ਮਾੜੀ ਭਾਵਨਾ ਦੀ ਜਗ੍ਹਾਂ ਨਹੀਂ। ਉੱਥੇ ਮਨੁੱਖ ਹੀ ਨਹੀਂ ਸਾਰੇ ਜੀਵਾਂ ਨੂੰ ਜਿਉਂਦੇ ਰਹਿਣ ਅਤੇ ਅਪਣੇ ਵਿਕਾਸ ਕਰਨ ਦਾ ਅਧਿਕਾਰ ਪ੍ਰਾਪਤ ਹੈ। ਜਨਮ ਤੋਂ ਨਾ ਸ਼ੂਦਰ ਹੈ ਅਤੇ ਨਾ ਕੋਈ ਬ੍ਰਾਹਮਣ। ਮਨੁੱਕ ਕਰਮ (ਕੰਮ) ਤੋਂ ਸ਼ੂਦਰ ਹੁੰਦਾ ਹੈ, ਕਰਮ ਤੋਂ ਹੀ ਬ੍ਰਾਹਮਣ ਵੀ। ਹਰੀਕੇਸ਼ੀ ਮੁਨੀ ਜਨਮ ਤੋਂ ਚੰਡਾਲ ਹੋ ਕੇ ਵੀ ਚੰਗੇ ਗੁਣਾਂ ਕਾਰਨ ਸਭ ਲਈ ਪੂਜਨ ਯੋਗ ਸਨ। ਇਸ ਲਈ ਜਾਤ ਦਾ, ਦੇਸ਼ ਦਾ ਅਤੇ ਰੰਗ ਦੀ ਉੱਚਤਾ ਨੀਚਤਾ ਦਾ ਜੈਨ ਸੰਸਕ੍ਰਿਤੀ ਵਿੱਚ ਕੋਈ ਸਥਾਨ ਨਹੀਂ।

## ਇਸਤਰੀ ਜਾਤੀ ਦਾ ਸਨਮਾਨ:

ਸਮਾਜ ਵਿੱਚ ਇਸਤਰੀ ਦਾ ਸਦਾ ਅਪਮਾਨ ਹੀ ਹੁੰਦਾ ਰਿਹਾ ਹੈ। ਸਮਾਜ ਵਿੱਚ, ਧਰਮ ਅਤੇ ਰਾਜਨਿਤੀ ਵਿੱਚ ਇਸਤਰੀ ਨੂੰ ਉਹ ਅਧਿਕਾਰ ਨਹੀਂ ਸਨ, ਜੋ ਇਕ ਪੁਰਸ਼ ਨੂੰ ਪ੍ਰਾਪਤ ਹੋ ਸਕਦੇ ਸਨ। ਇਸਤਰੀ ਜਾਤੀ ਵੀ ਹਰਿਜਨਾ ਦੀ ਤਰ੍ਹਾਂ ਅਪਮਾਨ ਦੀ ਵਸਤੂ ਬਣ ਗਈ ਸੀ। ਪਰ ਭਗਵਾਨ ਮਹਾਵੀਰ ਨੇ ਇਸਤਰੀ ਜੀਵਨ ਦਾ ਸਤਕਾਰ ਕਰਨ ਦੀ ਅਵਾਜ ਬੁਲੰਦ ਕੀਤੀ। ਅਪਣੇ ਧਰਮ ਸੰਘ ਵਿੱਚ ਇਸਤਰੀ ਦੀਖਿਆ ਦੇਣ ਦਾ ਨਿਸਚਾ ਉਨ੍ਹਾਂ ਕੀਤਾ। ਸਿੱਟੇ ਵਜੋਂ ਸਮਾਜ, ਧਰਮ ਅਤੇ ਰਾਜਨਿਤੀ ਵਿੱਚ ਸਭ ਪਾਸੇ ਇਸਤਰੀ ਦਾ ਸਨਮਾਨ ਹੋਣ ਲੱਗਾ। ਮਹਾ ਸਾਧਵੀ ਚੰਦਨਬਾਲਾ ਅਤੇ ਜੈਯੰਤੀ ਜੇਹੀਂਆਂ ਤੇਜ਼ਵਾਨ ਇਸਤਰੀਆਂ ਨੇ ਜੈਨ ਸੰਸਕ੍ਰਿਤੀ ਵਿੱਚ ਹੀ ਨਹੀਂ ਹੋਰ ਸੰਸਕ੍ਰਿਤੀਆਂ ਵਿੱਚ ਵੀ ਗੋਰਵ ਪ੍ਰਾਪਤ ਕੀਤਾ।

## ਹਿਰਦਾ ਪਰਿਵਰਤਨ:

ਜੈਨ ਸੰਸਕ੍ਰਿਤੀ ਵਿੱਚ ਬਾਹਰਲੇ ਕ੍ਰਿਆਕਾਂਡ ਦੀ ਜਗ੍ਹਾ ਹਿਰਦੇ ਪਰਿਵਰਤਨ ‘ਤੇ ਜ਼ੋਰ ਦਿੱਤਾ ਗਿਆ ਹੈ। ਮਨੁੱਖ ਕਿਸੇ ਵੀ ਦੇਸ਼ ਦਾ ਹੋਵੇ, ਕਿਸੇ ਵੀ ਭੇਖ ਦਾ ਹੋਵੇ, ਕਿਸੇ ਵੀ ਜਾਤ ਦਾ ਹੋਵੇ, ਪਰ ਜੇ ਉਸ ਦਾ ਹਿਰਦਾ ਸ਼ੁੱਧ ਹੈ, ਨਿਰਮਲ ਹੈ, ਪਵਿੱਤਰ ਹੈ, ਤਾਂ ਉਹ ਅਪਣੇ ਜੀਵਨ ਦਾ ਨਿਸਚੈ ਹੀ ਕਲਿਆਣ ਕਰੇਗਾ। ਇੱਥੇ ਚਰਿੱਤਰ ਨਿਰਮਾਨ ‘ਤੇ ਵਿਸ਼ੇਸ ਧਿਆਨ ਦਿੱਤਾ ਗਿਆ ਹੈ। ਜੀਵਨ ਵਿੱਚ ਨੇਤਿਕ ਜਾਗਰਨ ਤੋਂ ਹੀ ਅਧਿਆਤਮਕ ਜਾਗਰਨ ਸਥਿਰ ਰਹਿ ਸਕੇਗਾ। ਮਨੁੱਖ ਦਾ ਹਿਰਦਾ ਪਰਿਵਰਤਨ ਕਰੋ ਤਾਂ ਉਸ ਦਾ ਜੀਵਨ ਅਪਣੇ ਆਪ ਹੀ ਬਦਲ ਜਾਵੇਗਾ। ਆਚਰਣ ਵਿਚਾਰ ਦੀ ਸ਼੍ਰੇਸ਼ਠਾ ਹੀ ਜੈਨ ਸੰਸਕ੍ਰਿਤੀ ਦਾ ਮੂਲ ਮੰਤਰ ਹੈ।

## ਕਲਾ:

ਕਲਾ ਦਾ ਮਾਨਵ ਜੀਵਨ ਨਾਲ ਡੂੰਘਾ ਸੰਬੰਧ ਰਿਹਾ ਹੈ, ਸੰਸਕ੍ਰਿਤੀ ਦਾ ਇੱਕ ਅੰਗ ਹੀ ਹੈ ਕਲਾ, ਕਲਾ ਦਾ ਭਾਵੇਂ ਧਰਮ ਅਤ ਦਰਸ਼ਨ ਨਾਲ ਸਿੱਧਾ ਸੰਬੰਧ ਨਾ ਰਿਹਾ ਹੋਵੇ ਪਰ ਸਮਾਜ ਅਤੇ ਸੰਸਕ੍ਰਿਤੀ ਨਾਲ ਇਸ ਦਾ ਸਿੱਧਾ ਸੰਬੰਧ ਰਿਹਾ ਹੀ ਹੈ। ਭਗਵਾਨ ਰਿਸ਼ਭ ਦੇਵ ਨੇ ਮਨੁੱਖਾਂ ਨੂੰ 72 ਅਤੇ ਇਸਤਰੀਆਂ ਨੂੰ 64 ਕਲਾ ਦੀ ਸਿੱਖਿਆ ਦਿੱਤੀ ਸੀ। ਇਸ ਵਿੱਚ ਲੇਖਨ, ਗਣਿਤ, ਸੰਗੀਤ, ਨਾਚ, ਚਿੱਤਰਕਲਾ, ਭਵਨ ਨਿਰਮਾਨ, ਸ਼ਿਲਪ ਅਤੇ ਵਸਤਰ ਨਿਰਮਾਨ ਆਦਿ ਸ਼ਾਮਲ ਹੋ ਜਾਂਦੇ ਹਨ। ਵਰਤਮਾਨ ਸਮੇਂ ਵਿੱਚ ਆਬੂ ਦਾ ਜੈਨ ਮੰਦਿਰ ਸ਼ਿਲਪ ਅਤੇ ਭਵਨ ਕਲਾ ਦਾ ਸਰਵਉੱਚ ਨਮੂਨਾ ਹੈ। ਇਸ ਨੂੰ ਸੰਸਾਰ ਦਾ ਇਕ ਅਚੰਬਾ ਮੰਨਿਆ ਜਾਂਦਾ ਹੈ। ਜੈਨ ਧਰਮ ਦੇ ਹਜ਼ਾਰਾਂ ਮੰਦਿਰ ਸੰਸਾਰ ਵਿੱਚ ਭਾਰਤ ਦੀ ਸਮਰਿਧ ਭਵਨ ਨਿਰਮਾਨ ਅਤੇ ਸ਼ਿਲਪ ਕਲਾ ਲਈ ਸਰਵਉੱਚ ਨਮੂਨੇ ਹਨ, ਨਾਲ ਹੀ ਇਹ ਮਾਰਗ ਮਨੁੱਖ ਜ਼ਾਤੀ ਨੂੰ ਭਗਤੀ, ਪ੍ਰੇਮ ਅਤੇ ਤਿਆਗ ਦੀ ਪ੍ਰੇਰਣਾ ਦੇ ਰਹੇ ਹਨ।

## ਜੈਨ ਤਿਉਹਾਰ:

ਤਿਉਹਾਰ, ਸੰਸਕ੍ਰਿਤੀ ਅਤੇ ਕਲਾ ਦਾ ਮਿਲੀਆ ਰੂਪ ਹੁੰਦਾ ਹੈ। ਹਰ ਪ੍ਰੰਪਰਾ ਦੇ ਅਪਣੇ ਕੋਈ ਵਿਸ਼ੇਸ ਤਿਉਹਾਰ ਜ਼ਰੂਰ ਹੁੰਦੇ ਹਨ। ਤਿਉਹਾਰ ਉਸ ਸੰਸਕ੍ਰਿਤੀ, ਇਤਿਹਾਸ ਅਤੇ ਧਰਮ ਦੇ ਦਿਲ ਦੀ ਧੜਕਨ ਹਨ। ਜੈਨ ਸੰਸਕ੍ਰਿਤੀ ਵਿੱਚ ਮੁੱਖ ਰੂਪ ਵਿੱਚ ਹੇਠ ਲਿਖੇ ਤਿਉਹਾਰ ਬਣਾਏ ਜਾਂਦੇ ਹਨ।

1. ਸੰਵਤਸਰੀ, ਪਰਯੂਸ਼ਨ ਪਰਬ, ਦਸ ਲਕਸ਼ਨ ਪਰਬ
2. ਅਕਸ਼ੈ ਤਰਿਤਿਆ
3. ਦੀਵਾਲੀ, ਮਹਾਵੀਰ ਨਿਰਵਾਨ
4. ਮਹਾਵੀਰ ਜਯੰਤੀ
5. ਪਾਰਸ਼ਵ ਜਯੰਤੀ
6. ਸ਼ਾਸ਼ਵਤ ਔਲੀ ਤੱਪ

## ਪਰਯੂਸ਼ਨ ਪਰਬ:

ਅਧਿਆਤਮ ਸਾਧਨਾ ਦਾ ਤਿਉਹਾਰ ਹੈ, ਇਸ ਸਾਰੇ ਤਿਉਹਾਰਾਂ ਵਿੱਚੋਂ ਮੁੱਖ ਹੋਣ ਕਾਰਨ ਮਹਾਂ ਪਰਬ ਅਖਵਾਉਂਦਾ ਹੈ। ਇਹ ਤਿਉਹਾਰ ਭਾਦੋਂ ਮਹਿਨੇ ਦੀ ਬਦੀ 12 ਜਾਂ 13 ਤੋਂ ਲੈ ਕੇ ਭਾਦੋਂ ਸ਼ੁਧੀ ਚੋਥ ਜਾਂ ਪੰਜਮੀ ਤੱਕ ਮਨਾਇਆ ਜਾਂਦਾ ਹੈ। ਇਸ ਵਿੱਚ ਤਿਆਗ, ਤੱਪਸਿਆ, ਸਵਾਧਿਆਏ ਆਤਮ ਚਿੰਤਨ, ਧਿਆਨ, ਦਾਨ, ਪ੍ਰਭੂ ਭਗਤੀ ਆਦਿ ਆਤਮ ਸ਼ੁੱਧੀ ਦੀਆਂ ਕ੍ਰਿਆਵਾਂ ਦੀ ਸਾਧਨਾ ਕੀਤੀ ਜਾਂਦੀ ਹੈ। ਪਰਯੂਸ਼ਨ ਪਰਬ ਦਾ ਆਖਰੀ ਦਿਨ ਸੰਵਤਸਰੀ ਅਖਵਾਉਂਦਾ ਹੈ। ਇਸ ਤਿਉਹਾਰ ਵਿੱਚ ਅੱਠ ਦਿਨਾਂ ਦਾ ਹੋਣ ਕਰਨ ਇਸ ਨੂੰ ਆਸ਼ਟਾਹਿਕ ਪਰਬ ਵੀ ਆਖਦੇ ਹਨ। ਸਾਲ ਭਰ ਦੀ ਭੁਲ ਚੁੱਕ ਦੇ ਲਈ ਇਸ ਤਿਉਹਾਰ ‘ਤੇ ਖਿੰਮਾ ਕੀਤੀ ਜਾਂਦੀ ਹੈ। ਇਸ ਲਈ ਇਸ ਤਿਉਹਾਰ ਨੂੰ ਖਿੰਮਾ ਪਰਬ ਵੀ ਆਖਦੇ ਹਨ। ਦਿਗੰਬਰ ਜੈਨ ਪ੍ਰੰਪਰਾ ਵਿੱਚ ਭਾਦੋ ਸ਼ੁਧੀ ਪੰਚਮੀ ਤੋਂ ਲੈ ਕੇ ਚੋਦਸ ਤੱਕ ਦਸ ਲਕਸ਼ਨ ਦਾ ਤਿਉਹਾਰ ਬਣਾਇਆ ਜਾਂਦਾ ਹੈ, ਇਸ ਲਈ ਇਸ ਨੂੰ ਦਸ ਲਾਕਸ਼ਨੀ ਵੀ ਕਿਹਾ ਜਾਂਦਾ ਹੈ।

ਅਕਸ਼ਯ ਤਰਿਤਿਆ ਦਾ ਸੰਬਧ ਭਗਵਾਨ ਰਿਸ਼ਭ ਦੇਵ ਨਾਲ ਹੈ। ਭਗਵਾਨ ਰਿਸ਼ਭ ਦੇਵ ਨੇ ਇਕ ਸਾਲ ਤੱਕ ਤੱਪਸਿਆ ਕੀਤੀ ਸੀ, ਜਿਸ ਵਿੱਚ ਉਨ੍ਹਾਂ ਨਾ ਅੰਨ ਲਿਆ ਅਤੇ ਨਾ ਪਾਣੀ। ਵੈਸ਼ਾਖ ਸ਼ੁਦੀ, ਤੀਜ਼ ਦੇ ਦਿਨ ਭਗਵਾਨ ਰਿਸ਼ਭ ਦੇਵ ਨੇ ਹਸਤਿਨਾਪੁਰ ਵਿੱਚ ਗੰਨ੍ਹੇ ਦੇ ਰਸ ਨਾਲ ਵਰਤ ਖੋਲ੍ਹਿਆ। ਇਸ ਲਈ ਜੈਨ ਸੰਸਕ੍ਰਿਤੀ ਵਿੱਚ ਇਹ ਤਿਉਹਾਰ ਅਕਸ਼ਯ ਤਰਿਤਿਆ ਦੇ ਨਾਉ ਨਾਲ ਪ੍ਰਸ਼ਿੱਧ ਹੈ। ਅੱਜ ਵੀ ਵਰਤੀ ਤੱਪ (ਇਕ ਸਾਲ ਲਗਾਤਾਰ, ਇਕ ਦਿਨ ਵਰਤ ਅਤੇ ਇਕ ਦਿਨ ਭੋਜਨ) ਕਰਨ ਵਾਲੇ ਅਕਸ਼ਯ ਤੀਜ਼ ਨੂੰ ਗੰਨੇ ਦੇ ਰਸ ਨਾਲ ਵਰਤ (ਖੋਲ੍ਹਦੇ) ਪਾਰਨਾ ਕਰਦੇ ਹਨ।

ਦੀਵਾਲੀ ਦਾ ਸੰਬਧ ਭਗਵਾਨ ਮਹਾਵੀਰ ਦੇ ਨਿਰਵਾਨ ਨਾਲ ਹੈ। ਕੱਤਕ ਦੀ ਅਮਾਵਸ ਨੂੰ ਭਗਵਾਨ ਮਹਾਵੀਰ ਦਾ ਨਿਰਵਾਨ ਹੋਇਆ ਸੀ। ਉਸ ਸਮੇਂ ਪਾਵਾਪੁਰੀ ਵਿੱਚ ਦੇਵਤਿਆਂ ਨੇ ਅਤੇ ਰਾਜੀਆਂ ਨੇ ਪ੍ਰਕਾਸ਼ ਮਹੋਤਸਵ ਕੀਤਾ। ਅੱਜ ਉਸੇ ਪ੍ਰੰਪਰਾ ਨੂੰ ਨਿਭਾਉਂਦੇ ਹੋਏ ਦੀਵੇ ਜਲਾਕੇ ਪ੍ਰਕਾਸ਼ ਕੀਤਾ ਜਾਂਦਾ ਹੈ। ਇਸ ਲਈ ਇਸ ਨੂੰ ਵੀਰ ਨਿਰਵਾਨ ਸੰਮਤ ਵੀ ਕਿਹਾ ਜਾਂਦਾ ਹੈ।

ਮਹਾਵੀਰ ਜਯੰਤੀ ਤਿਉਹਾਰ ਵੀ ਜੈਨ ਸੰਸਕ੍ਰਿਤੀ ਦਾ ਇਕ ਵਿਸ਼ੇਸ ਤਿਉਹਾਰ ਹੈ। ਇਸ ਦਾ ਸੰਬਧ ਭਗਵਾਨ ਮਹਾਵੀਰ ਨਾਲ ਹੈ, ਚੇਤ ਸ਼ੁਦੀ ਤ੍ਰਯੋਦਸ਼ੀ (ਤੇਰ੍ਹਾਂ) ਨੂੰ ਭਗਵਾਨ ਮਹਾਵੀਰ ਦਾ ਜਨਮ ਹੋਇਆ ਸੀ। ਇਹ ਜਨਮ ਜਯੰਤੀ ਅਤੇ ਜਨਮ ਕਲਿਆਣਕ ਮਹੁਤਸਵ ਹੈ।

ਪਾਰਸ਼ ਜਯੰਤੀ ਵੀ ਜੈਨ ਸੰਸਕ੍ਰਿਤੀ ਦਾ ਪ੍ਰਸ਼ਿੱਧ ਤਿਉਹਾਰ ਹੈ। ਇਸ ਦਾ ਸੰਬਧ ਭਗਵਾਨ ਪਾਰਸ਼ ਨਾਥ ਨਾਲ ਹੈ ਜੋ 23ਵੇਂ ਤੀਰਥੰਕਰ ਸਨ। ਕਾਸ਼ੀ ਵਿੱਚ ਪੋਹ ਬਦੀ ਦਸਵੀਂ ਦੇ ਦਿਨ ਭਗਵਾਨ ਪਾਰਸ਼ਨਾਥ ਦਾ ਜਨਮ ਹੋਇਆ।

ਸ਼ਾਸ਼ਵਤ ਔਲੀ ਤੱਪ ਸ਼ਾਸ਼ਵਤ ਔਲੀ ਤਿਉਹਾਰ ਦਾ ਸੰਬਧ ਮੁੱਖ ਰੂਪ ਵਿੱਚ ਨਵਪੱਦ ਦੀ ਭਗਤੀ ਨਾਲ ਹੈ। ਚੇਤ ਸ਼ੁਦੀ ਸਤਵੀਂ ਤੋਂ ਪੂਰਨਮਾਸੀ ਤੱਕ ਅਤੇ ਸੋਨ ਸ਼ੁਦੀ ਸਤਵੀਂ ਤੋਂ ਪੂਰਨਮਾਸੀ ਤੱਕ ਸਾਲ ਵਿੱਚ ਦੋ ਵਾਰ ਔਲੀ ਤੱਪ ਦੀ ਭਗਤੀ ਕੀਤੀ ਜਾਂਦੀ ਹੈ। ਇਸ ਵਿੱਚ ਨਵਪੱਦ (ਅਰਿਹੰਤ, ਸਿੱਧ, ਅਚਾਰਿਆ, ਉਪਾਧਿਐ, ਸਾਧੂ, ਗਿਆਨ, ਦਰਸ਼ਨ, ਚਰਿੱਤਰ, ਅਤੇ ਤੱਪ) ਦੀ ਪੂਜਾ ਭਗਤੀ ਅਤੇ ਸਿੱਧ ਚੱਕਰ ਦੀ ਪੂਜਾ ਕੀਤੀ ਜਾਂਦੀ ਹੈ। ਇਹ ਔਲੀ ਤੱਪ

ਸ਼ਾਸ਼ਵਤ ਤਿਉਹਾਰ ਮੰਨਿਆ ਜਾਂਦਾ ਹੈ। ਇਸ ਵਿੱਚ ਨਮਕ, ਘੀ, ਤੇਲ, ਮਿਠਾਈ ਆਦਿ ਤੋਂ ਰਹਿਤ ਇਕ ਸਮੇਂ, ਇਕ ਅੰਨ ਦਾ ਭੋਜਨ ਅਤੇ ਨੌਂ ਦਿਨ ਤੱਕ ਇਕ ਇਕ ਪੱਦ ਦੀ ਅਰਾਧਨਾ ਕੀਤੀ ਜਾਂਦੀ ਹੈ।

## ਸ਼ਿਸ਼ਟਾਚਾਰ:

ਸ਼ਿਸ਼ਟਾਚਾਰ ਵੀ ਜੈਨ ਸੰਸਕ੍ਰਿਤੀ ਦਾ ਮਹੱਤਵਪੂਰਨ ਅੰਗ ਹੈ ਗੁਰੂ ਦੀ ਭਗਤੀ ਕਰਨੀ ਚਾਹਿਦੀ ਹੈ ਕਿਉਂਕਿ ਉਹ ਸਾਧਨਾ ਦੇ ਰਾਹ ਦਾ ਦਿਖਾਉਣ ਵਾਲਾ ਹੈ। ਅਚਾਰਿਆ ਸੰਘ ਨੂੰ ਆਚਾਰ (ਆਚਰਨ) ਦੀ ਸਿੱਖਿਆ ਦਿੰਦੇ ਹਨ ਅਤੇ ਉਪਾਧਿਆਏ ਸ਼ਾਸਤਰਾਂ ਪੜਾਉਂਦੇ ਹਨ। ਇਸ ਲਈ ਦੋਹਾਂ ਦੀ ਸੇਵਾ ਨਿਮਰਤਾ ਨਾਲ ਕਰਨੀ ਚਾਹਿਦੀ ਹੈ। ਅਰਿਹੰਤ ਅਤੇ ਸਿਧ ਦੀ ਭਗਤੀ ਪੂਜਾ ਕਰਨ ਨਾਲ ਜੀਵਨ ਪਵਿੱਤਰ ਹੁੰਦਾ ਹੈ। ਹਰ ਰੋਜ ਸਵੇਰੇ ਨਮਸਕਾਰ ਮੰਤਰ ਦਾ ਪਾਠ ਜੈਨ ਮੰਦਿਰ ਦੇ ਦਰਸ਼ਨ ਅਤੇ ਜਿਨ ਪੂਜਾ, ਭਗਤੀ ਆਰਤੀ ਆਦਿ ਧਾਰਮਿਕ ਕਰਤਵਾਂ ਨਾਲ ਜੀਵਨ ਵਿੱਚ ਸ਼ੁਭ ਸੰਸਕਾਰ ਜਾਗਦੇ ਹਨ। ਮਾਤਾ ਅਤੇ ਪਿਤਾ ਦੀ ਸੇਵਾ ਕਰਨ ਵਿੱਚ ਕਦੇ ਆਲਸ ਨਹੀਂ ਕਰਨੀ ਚਾਹਿਦੀ। ਅਪਣੇ ਬਜ਼ੁਰਗਾਂ ਦਾ ਆਦਰ ਸਤਿਕਾਰ ਕਰਨਾ ਚਾਹਿਦਾ ਹੈ। ਸੰਘ ਵਿੱਚ ਅਸ਼ਾਂਤੀ, ਕਲੇਸ਼, ਅਤੇ ਬੈਰ ਪੈਦਾ ਹੋਵੇ ਅਜਿਹਾ ਕੋਈ ਕੰਮ ਨਹੀਂ ਕਰਨਾ ਚਾਹਿਦਾ। ਇਸ ਦੇ ਨਾਲ ਸੰਜਮੀ ਆਤਮਾ (ਸਾਧੁ, ਸਾਧਵੀ) ਨੂੰ ਭੋਜਨ ਦਾਨ ਦੇਣ ਦੀ ਭਾਵਨਾ ਰੱਖੋ। ਪ੍ਰਤੱਖ ਦੀਨ ਦੁੱਖੀ, ਜ਼ਰੂਰਤਮੰਦ ਦੀ ਨਿਮਰਤਾ ਨਾਲ ਸਹਾਇਤਾ ਕਰੋ, ਅਪਣੇ ਵਿਚਾਰਾਂ ਨੂੰ ਮਿੱਠੀ ਭਾਸ਼ਾ ਵਿੱਚ ਜਾਹਰ ਕਰੋ। ਵੱਡੀਆ ਦੀ ਇੱਜਤ ਅਤੇ ਛੋਟਿਆਂ ਲਈ ਹਮੇਸ਼ਾ ਪਿਆਰ ਰੱਖੋ ਜੀਵਨ ਵਿੱਚ ਨੈਤਿਕਤਾ ਅਤੇ ਸੱਭਿਅਤਾ ਦਾ ਪਾਲਨ ਕਰੋ ਇਹੋ ਜੈਨ ਸ਼ਿਸ਼ਟਾਚਾਰ ਹੈ।

# ਜੈਨ ਫਿਰਕੇ

ਜੈਨ ਧਰਮ ਮੂਲ ਰੂਪ ਵਿੱਚ ਅਨੇਕਾਂਤਵਾਦੀ ਅਤੇ ਆਪਸੀ ਸੁਮੇਲ ਵਾਲਾ ਧਰਮ ਹੈ। ਜਿੱਥੇ ਅਨੇਕਾਂਤ ਦ੍ਰਿਸ਼ਟੀ ਹੁੰਦੀ ਹੈ ਉੱਥੇ ਵਿਚਾਰ ਭੇਦ ਤਾਂ ਹੁੰਦੇ ਹਨ ਪਰ ਝਗੜਾ ਨਹੀਂ ਹੁੰਦਾ। ਪਰ ਜਦ ਵਿਚਾਰਾਂ ਵਿੱਚ ਮਜਬੂਰੀ ਅਤੇ ਏਕਾਂਤ ਆ ਜਾਂਦਾ ਹੈ ਤਾਂ ਮਤਭੇਦ ਸੰਘ ਭੇਦ ਦੇ ਰੂਪ ਵਿੱਚ ਪ੍ਰਗਟ ਹੋਣ ਲੱਗ ਪੈਂਦੇ ਹਨ।

ਜੈਨ ਧਰਮ ਵਿੱਚ ਸੰਘ ਦਾ ਸਰਵਉੱਚ ਮਹੱਤਵ ਹੈ। ਤੀਰਥੰਕਰ ਭਗਵਾਨ ਖੁਦ ਸੰਘ ਨੂੰ ਨਮਸਕਾਰ ਕਰਦੇ ਹਨ। ਸੰਘ ਦਾ ਅਰਥ ਹੈ! ਸਾਧੂ ਸਾਧਵੀ, ਸ਼੍ਰਾਵਕ ਸ਼੍ਰਾਵਿਕਾ ਰੂਪੀ ਧਰਮ ਦੀ ਅਰਾਧਨਾ ਕਰਨ ਵਾਲਾ ਚੋਮੁੱਖੀ ਧਰਮ ਸ਼ੰਘ। ਭਗਵਾਨ ਮਹਾਵੀਰ ਦੇ ਸਮੇਂ ਉਨ੍ਹਾਂ ਦੇ 11 ਗਨਧਰ ਸਨ ਅਤੇ ਨੌਂ ਸੰਘ ਸਨ। ਭਗਵਾਨ ਮਹਾਵੀਰ ਦੀ ਮੋਜੂਦਗੀ ਵਿੱਚ ਹੀ ਨੌਂ ਗਨਧਰ ਮੋਕਸ਼ ਨੂੰ ਚਲੇ ਗਏ ਅਤੇ ਪਹਿਲੇ ਗਨਧਰ ਇੰਦਰ ਭੂਤੀ ਮਹਾਵੀਰ ਨਿਰਵਾਨ ਦੇ ਦੂਸਰੇ ਦਿਨ ਹੀ ਕੇਵਲ ਗਿਆਨੀ ਹੋ ਗਏ। ਕੇਵਲ ਗਿਆਨੀ ਸੰਘ ਨਾਇਕ ਨਹੀਂ ਹੁੰਦਾ ਇਸ ਲਈ ਸਮੂਚੇ ਸ਼੍ਰਮਣ ਸੰਘ ਨੇ ਇਕ ਮਾਤਰ ਮੁਖੀਆ ਬਣੇ ਆਰਿਆ ਸੁਧੱਰਮਾ ਸਵਾਮੀ।

## ਦੋ ਪ੍ਰਕਾਰ ਦਾ ਆਚਾਰ:

ਭਗਵਾਨ ਮਹਾਵੀਰ ਦੇ ਸਮੇਂ ਵਿੱਚ ਕੁੱਝ ਮੁਨੀ ਜਿਨਕਲਪੀ ਹੁੰਦੇ ਸਨ ਜੋ ਵਸਤਰ ਤਿਆਗ ਕਰਕੇ ਜੰਗਲਾਂ ਵਿੱਚ ਹੀ ਰਹਿੰਦੇ ਸਨ ਅਤੇ ਸੰਘ ਅਤੇ ਸਰੀਰ ਤੋਂ ਵੀ ਨਿਰਪੱਖ ਰਹਿਕੇ ਕੇਵਲ ਅਪਣੀ ਸਾਧਨਾ ਵਿੱਚ ਲੱਗੇ ਰਹਿੰਦੇ ਸਨ। ਜ਼ਿਆਦਾ ਸ਼੍ਰਮਣ ਸਥਾਵਿਰ ਕਲਪੀ ਸਨ, ਸਥਾਵਿਰ ਕਲਪੀ ਸ਼੍ਰਮਣ ਸੰਘ ਵਿੱਚ ਰਹਿੰਦੇ ਸਨ। ਸੰਘ ਦੀ ਮਰਿਆਦਾ ਅਤੇ ਲੋਕ ਵਿਵਹਾਰ ਦਾ ਪਾਲਣ ਕਰਦੇ ਸਨ। ਉਹ ਸਫੈਦ ਕਪੜੇ ਆਦਿ ਅਤੇ ਨਿਸ਼ਚਤ ਧਾਰਮਿਕ ਉਪਕਰਨ ਰੱਖਦੇ ਅਤੇ ਸ਼ਹਿਰਾ ਵਿੱਚ ਇਕਲੇ ਸ਼ੁਧ ਸਥਾਨ ਵਿੱਚ ਨਿਵਾਸ ਕਰਦੇ ਸਨ, ਧਰਮ ਉਪਦੇਸ਼ ਵੀ ਕਰਦੇ ਸਨ। ਲੋਕਾਂ ਨਾਲ ਮੇਲ ਜੋਲ ਵੀ ਰੱਖਦੇ, ਇਸ

ਪ੍ਰਕਾਰ ਅਚੇਲਕ (ਕੱਪੜੇ ਰਹਿਤ) ਅਤੇ ਸਚੇਲਕ ਦੋਹੇਂ ਪ੍ਰਕਾਰ ਦੇ ਮੁਨੀ ਉਸ ਸੰਘ ਵਿੱਚ ਸਨ। ਪਰ ਉਨ੍ਹਾਂ ਦਾ ਆਪਸ ਵਿੱਚ ਕਿਸੇ ਪ੍ਰਕਾਰ ਦਾ ਟਕਰਾਉ ਜਾਂ ਸੰਘਰਸ ਨਹੀਂ ਸੀ।

ਭਗਵਾਨ ਮਹਾਵੀਰ ਅਤੇ ਗਨਧਰ ਸਵਾਮੀ, ਅਚਾਰਿਆ ਜੰਬੂ ਸਵਾਮੀ ਤੱਕ ਤਾਂ ਸੰਪੂਰਨ ਸ਼੍ਰਮਣ ਸੰਘ ਇਕ ਡੋਰੀ ਵਿੱਚ ਬੰਨਿਆ ਰਿਹਾ ਪਰ ਭਗਵਾਨ ਮਹਾਵੀਰ ਦੇ ਨਿਰਵਾਨ ਤੋਂ ਕੁੱਝ ਸਦੀਆਂ ਬਾਅਦ ਸ਼੍ਰਮਣ ਸੰਘ ਵਿੱਚ ਦੋ ਭੇਦ ਖੜ੍ਹੇ ਹੋ ਗਏ। ਕੁੱਝ ਮੁਨੀ ਕੱਪੜੇ ਰੱਖਣ ਦਾ ਵਿਰੋਧ ਕਰਨ ਲੱਗੇ, ਇਕ ਦਿਨ ਉਨ੍ਹਾਂ ਨੇ ਅਪਣਾ ਫਿਰਕਾ ਵੀ ਖੜ੍ਹਾ ਕਰ ਲਿਆ ਤੱਦ ਤੋਂ ਭਗਵਾਨ ਮਹਾਵੀਰ ਦਾ ਸ਼੍ਰਮਣ ਸੰਘ ਸਵੇਤਾਂਬਰ – ਦਿਗੰਬਰ ਦੋ ਧਾਰਾਵਾਂ ਵਿੱਚ ਵੰਡਿਆ ਗਿਆ, ਜੋ ਅੱਜ ਵੀ ਮੋਜੂਦ ਹੈ।

ਸਵੇਤਾਂਬਰ ਪ੍ਰੰਪਰਾ ਵਿੱਚ ਵੀ ਹੋਲੀ ਹੋਲੀ ਹੋਰ ਮਤ ਫਿਰਕੇ ਖੜ੍ਹੇ ਹੁੰਦੇ ਗਏ। ਅਨੇਕ ਕਾਰਨਾਂ ਤੋਂ ਸਾਧੂ ਸਮਾਜ ਦੇ ਆਚਰਨ ਵਿੱਚ ਗਿਰਾਵਟ, ਆਡੰਬਰ, ਵਿਖਾਵਾ, ਰਾਜ ਸੱਤਾ ਦਾ ਸੁੱਖ ਭੋਗ ਆਦਿ ਆਦਤਾਂ ਘਰ ਕਰਨ ਲੱਗੀਆਂ। ਸਮੇਂ ਸਮੇਂ ਕੁਝ ਕਠੋਰ ਆਚਰਨ ਪਾਲਕ ਅਚਾਰਿਆਵਾਂ ਨੇ ਮੁਨੀ ਦੇ ਆਚਰਨ ਵਿੱਚ ਆਈ ਗਿਰਾਵਟ ਨੂੰ ਦੂਰ ਕਰਨ ਲਈ ਦੁਬਾਰਾ ਪ੍ਰਾਚੀਨ ਮਾਰਗ ਦੀ ਸਥਾਪਨਾ ਕੀਤੀ ਅਤੇ ਸ਼ਾਸਤਰ ਅਨੁਸਾਰ ਮੁਨੀ ਧਰਮ ਦਾ ਪਾਲਨ ਕਰਨ ਲੱਗੇ।

ਹੋਲੀ ਹੋਲੀ ਸਵੇਤਾਂਬਰ ਸ਼੍ਰਮਣ ਸੰਘ ਵਿੱਚ ਤਪਾਗੱਛ, ਅੰਚਲਗੱਛ, ਖਰਤਰਗੱਛ ਆਦਿ ਅਨੇਕ ਸ਼ਾਖਾਵਾਂ ਉਪ ਸ਼ਾਖਾਵਾਂ ਬਣ ਗਈਆਂ ਇਹਨਾਂ ਤੋਂ ਵੀ ਅਨੇਕਾਂ ਸ਼ਾਖਾਵਾਂ ਨਿਕਲੀਆਂ। ਅੱਜ ਤਾਂ ਅਨੇਕਾਂ ਗੱਛ ਅਤੇ ਫਿਰਕੇ ਵਿੱਚ ਇਹ ਜੈਨ ਸ਼੍ਰਮਣ ਸੰਘ ਵੰਡਿਆ ਹੋਇਆ ਹੈ।

## ਸਥਾਨਕਵਾਸੀ ਪ੍ਰੰਪਰਾ ਦਾ ਆਰੰਭ:

ਵਿਕਰਮ ਦੀ 16ਵੀਂ ਸਦੀ ਵਿੱਚ ਲੋਂਕਾਸ਼ਾਹ ਨਾਉ ਦੇ ਇਕ ਚੰਗੇ ਜੈਨ ਗ੍ਰਹਿਸਥ ਨੇ ਮੂਰਤੀ ਪੂਜਾ ਦੇ ਵਿਰੁੱਧ ਆਵਾਜ ਬੁਲੰਦ ਕੀਤੀ ਅਤੇ ਉਨ੍ਹਾਂ ਨੇ ਕੁੱਝ ਵਿਅਕਤੀਆਂ ਨੂੰ ਅਪਣੇ ਵਿਚਾਰਾਂ ਨਾਲ ਪ੍ਰਭਾਵਤ ਕਰਕੇ ਸਾਧੂ ਦੀਖਿਆ

ਦਿੱਤੀ। ਵਿਕਰਮ ਸੰਮਤ 1531 ਦੇ ਲਗਭੱਗ ਲੋਂਕਾਸ਼ਾਹ ਤੋਂ ਪ੍ਰਭਾਵਤ ਹੋ ਕੇ ਭਾਨਾ ਜੀ ਆਦਿ ਲੋਕਾਂ ਨੇ ਦੀਖਿਆ ਲੈ ਕੇ ਮੂਰਤੀ ਪੂਜਾ ਦੇ ਵਿਰੋਧ ਵਿੱਚ ਪ੍ਰਚਾਰ ਸ਼ੁਰੂ ਕੀਤਾ ਉਸ ਸਮੇਂ ਤੋਂ ਸਥਾਨਕ ਵਾਸੀ ਪ੍ਰੰਪਰਾ ਦੀ ਸਥਾਪਨਾ ਮੰਨੀ ਜਾਂਦੀ ਹੈ।

ਪੁਰਾਤਨ ਪ੍ਰੰਪਰਾ ਤੋਂ ਭਿੰਨ ਦੱਸਣ ਵਾਲੇ ਇਨ੍ਹਾਂ ਦੇ ਮੁੱਖ ਆਧਾਰ ਸਨ ਮੂਰਤੀ ਪੂਜਾ ਦਾ ਵਿਰੋਧ। ਮੂਰਤੀ ਪੂਜਾ ਦੀ ਹਿਮਾਇਤ ਕਰਨ ਵਾਲੇ ਪੁਰਾਨੇ ਆਗਮਾ ਨੂੰ ਨਾ ਮਨਣਾ 45 ਦੀ ਜਗ੍ਹਾ 32 ਆਗਮਾ ਨੂੰ ਪ੍ਰਮਾਣਕ ਮੰਨਿਆ ਅਤੇ ਮੂੰਹ ਅਤੇ ਕੰਨ ਵਿੱਚ ਧਾਗਾ ਪਾਕੇ ਮੂੰਹ ਪੱਟੀ ਬਣਕੇ ਰੱਖਣਾ।

## ਸਵੇਤਾਂਵਰ ਤੇਰਾਪੰਥ ਫਿਰਕਾ:

ਸਥਾਨਕਵਾਸੀ ਪ੍ਰੰਪਰਾ ਵਿੱਚ ਦੀਖਿਅਤ ਹੋ ਕੇ ਆਚਾਰ ਵਿਚਾਰ ਦੀ ਮਾਨਤਾਵਾ ਵਿੱਚ ਮਤਭੇਦ ਹੋਣ ਕਾਰਨ ਵਿਕਰਮ ਸੰਮਤ 1817 ਚੇਤ ਸੇਧੀ ਨਵਮੀ ਨੂੰ ਸ਼੍ਰੀ ਭੀਖਨ ਜੀ ਆਦਿ ਚਾਰ ਸਾਧੂ ਅਪਣੇ ਗੁਰੂ ਅਚਾਰਿਆ ਰੱਘੂਨਾਥ ਤੋਂ ਵੱਖ ਹੋ ਗਏ। ਕੁੱਝ ਸਮੇਂ ਬਾਅਦ ਇਨ੍ਹਾਂ ਦੇ ਸਮੂਹ ਵਿੱਚ ਹੋਰ ਸਾਧੂ ਵੀ ਸ਼ਾਮਲ ਹੋ ਗਏ। ਇਨ੍ਹਾ ਦਾ ਸੰਘ ਤੇਰਾਂਪੰਥ ਦੇ ਨਾਉ ਨਾਲ ਪ੍ਰਸ਼ਿੱਧ ਹੋਇਆ।

ਅੱਜ ਸਵੇਤਾਂਬਰ ਜੈਨ ਸਮਾਜ ਵਿੱਚ ਤਿੰਨ ਮੁੱਖ ਫਿਰਕੇ ਹਨ।

1. **ਸਵੇਤਾਂਬਰ ਮੂਰਤੀ ਪੂਜਕ ਫਿਰਕਾ:** ਇਸ ਵਿੱਚ ਤਪਾਗੱਛ ਤੋਂ ਸਭ ਤੋਂ ਵੱਧ ਸਾਧੂਆਂ ਦਾ ਸਮੂਹ ਹੈ। ਜਿਸ ਵਿੱਚ ਅੱਜ ਕੱਲ ਛੇ ਹਜ਼ਾਰ ਤੋਂ ਜ਼ਿਆਦ ਸਾਧੂ ਸਾਧਵੀਆਂ ਹਨ। ਸਵੇਤਾਂਬਰ ਮੂਰਤੀ ਪੂਜਕ ਫਿਰਕੇ ਦੇ ਹੋਰ ਅਚਲਗੱਛ, ਖਾਰਤਰਗੱਛ ਆਦਿ ਵਿੱਚ ਵੀ ਅੱਠ ਸੋ ਤੋਂ ਜ਼ਿਆਦਾ ਸਾਧੂ ਸਾਧਵੀਆਂ ਹਨ। ਕੁੱਲ ਮਿਲਾਕੇ ਸਵੇਤਾਂਬਰ ਮੂਰਤੀ ਪੂਜਕ ਫਿਰਕੇ ਵਿੱਚ 6800 ਤੋਂ ਜ਼ਿਆਦਾ ਸਾਧੂ ਸਾਧਵੀਆਂ ਮੋਜੂਦ ਹਨ।
2. **ਸਵੇਤਾਂਬਰ ਸਥਾਨਕਵਾਸੀ**: ਇਸ ਫਿਰਕੇ ਵਿੱਚ ਵੀ ਸ਼੍ਰਮਣ ਸੰਘ ਅਤੇ ਅਨੇਕਾਂ ਉਪ ਫਿਰਕੇਆਂ ਵਿੱਚ ਲਗਭੱਗ 2700 ਸਾਧੂ ਸਾਧਵੀਆਂ ਹਨ।
3. **ਸਵੇਤਾਂਬਰ ਤੇਰਾਪੰਥ:** ਇਹ ਹੀ ਅਚਾਰਿਆ ਦੀ ਅਗਵਾਈ ਵਾਲਾ ਇਕ ਸੰਘ ਹੈ ਜਿਸ ਵਿੱਚ 680 ਤੋਂ ਜ਼ਿਆਦਾ ਸਾਧੂ ਸਾਧਵੀਆਂ ਹਨ।

4. **ਦਿਗੰਬਰ:** ਇਸ ਫਿਰਕੇ ਵਿੱਚ ਅਨੇਕਾਂ ਉਪ ਫਿਰਕੇ ਹਨ, ਤੇਰਾਪੰਥ, ਤਾਰਨਪੰਥ, ਬੀਸ ਪੰਥ ਆਦਿ ਅਨੇਕਾਂ ਭਾਗਾ ਵਿੱਚ ਇਹ ਸੰਘ ਵੰਡਿਆ ਹੈ। ਵਰਤਮਾਨ ਸਮੇਂ ਵਿੱਚ 650 ਤੋਂ ਜ਼ਿਆਦਾ ਸਾਧੂ ਵਿਦਵਾਨ ਹਨ।

ਇਸ ਪ੍ਰਕਾਰ ਅੱਜ ਸਵੇਤਾਂਬਰ ਦਿਗੰਬਰ ਦੋਹਾਂ ਪ੍ਰੰਪਰਾਵਾਂ ਵਿੱਚ ਭਗਵਾਨ ਮਹਾਵੀਰ ਨੂੰ ਅਪਣਾ ਤੀਰਥ ਮੰਨਣ ਵਾਲੇ ਕੁੱਲ ਗਿਆਰਾ ਹਜ਼ਾਰ ਤੋਂ ਜ਼ਿਆਦਾ ਸਾਧੂ ਸਾਧਵੀਆਂ ਹਨ। ਜਨ ਸੰਖਿਆ ਅਨੁਸਾਰ ਭਾਰਤ ਵਿੱਚ ਲਗਭਗ 50 ਲੱਖ ਤੋਂ ਜ਼ਿਆਦਾ ਜੈਨੀ ਹਨ।

---

**ਟਿਪਨੀ:**

1. ਇਹ ਗਿਣਤੀ ਪੁਸਤਕ ਦੇ ਛਪਣ ਸਮੇਂ ਦੀ ਹੈ, ਹੁਣ ਸਾਧੂ, ਸਾਧਵੀਆਂ ਦੀ ਗਿਣਤੀ ਬਹੁਤ ਵੱਧ ਚੁੱਕੀ ਹੈ। ਤੇਰਾਪੰਥ ਫਿਰਕੇ ਵਿੱਚ ਵਿਦੇਸ਼ਾਂ ਵਿੱਚ ਜੈਨ ਧਰਮ ਦਾ ਪ੍ਰਚਾਰ ਕਰਨ ਲਈ ਅਚਾਰਿਆ ਸ਼੍ਰੀ ਤੁਲਸੀ ਜੀ ਨੇ ਸਮਣ ਅਤੇ ਸਮਣੀ ਫਿਰਕੇ ਦੀ ਸਥਾਪਨਾ ਕੀਤੀ ਸੀ, ਜੋ ਜੈਨ ਧਰਮ ਦਾ ਪ੍ਰਚਾਰ ਵਿਦੇਸ਼ਾਂ ਵਿੱਚ ਕਰ ਰਹੇ ਹਨ।

(ਅਨੁਵਾਦਕ)